ਸਾਡੇ ਕਕਾਰ

# ਇਹ ਕੇਵਲ ਚਿੰਨ੍ਹ ਨਹੀਂ

(ਪਿਤਾ ਅਤੇ ਪੁੱਤਰ 'ਚ ਇੱਕ ਵਾਰਤਾਲਾਪ)

## ਨਿਸ਼ਾਨੇ ਸਿੱਖੀ ਈਂ ਪੰਜ ਹਰਫ਼ਿ ਕਾਫ਼

ਸਿੱਖ ਅਤੇ ਉਸਦੇ ਕੇਸ ਇੱਕ ਹਨ । ਇਹ ਗੁਰੂ ਵੱਲੋਂ ਖਾਲਸੇ ਨੂੰ ਪਿਆਰ ਨਾਲ ਬਖਸ਼ੀਆਂ ਅਥਾਹ ਸੁੰਦਰਤਾ ਦੀਆਂ ਅਮਰ ਸੁਗਾਤਾਂ ਹਨ । ਇਨ੍ਹਾਂ ਨੂੰ ਸਿੰਘ ਦਾ ਸੀਸ ਕੱਟੇ ਬਿਨਾਂ, ਸੀਸ ਤੋਂ ਅਲੱਗ ਨਹੀਂ ਕੀਤਾ ਜਾ ਸਕਦਾ ।

ਭਾਈ ਤਾਰੂ ਸਿੰਘ ਜੀ

ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ
ਲੁਧਿਆਣਾ

5/-

ੴ

ਸ਼ੁਭ ਕਰਮਨ ਤੇ ਕਬਹੂੰ ਨ ਟਰੋਂ॥

# ਇਹ ਕੇਵਲ ਚਿੰਨ੍ਹ ਨਹੀਂ

## (ਪਿਤਾ ਅਤੇ ਪੁੱਤਰ 'ਚ ਇੱਕ ਵਾਰਤਾਲਾਪ)

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

ਸਾਹਿਤ ਤੇ ਪ੍ਰਕਾਸ਼ਨ ਵਿਭਾਗ

**ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ**

ਮਾਡਲ ਟਾਊਨ ਐਕਸਟੈਨਸ਼ਨ, ਲੁਧਿਆਣਾ

Phone : 450352, 463606, Fax : 91-161-450352

ਰਹਿਤ ਪਿਆਰੀ ਮੁਝ ਕਉ
ਸਿਖ ਪਿਆਰਾ ਨਾਹਿ ।

ਰਹਿਣੀ ਰਹੈ ਸੋਈ ਸਿੱਖ ਮੇਰਾ ,
ਓਹੁ ਠਾਕੁਰੁ ਮੈਂ ਉਸ ਕਾ ਚੇਰਾ ।

ਰਹਿਤਨਾਮਾ : ਭਾਈ ਦੇਸਾ ਸਿੰਘ

ਧਰਤੀ ਉਸ ਦਿਨ ਤਾਂਬੇ, ਵਾਂਗ ਤਪ ਰਹੀ ਸੀ । ਸੜਕਾਂ 'ਤੇ ਵੀ ਸੁੰਨ ਸਾਂ ਸੀ , ਇਥੋਂ ਤੱਕ ਕਿ ਉਸਾਰੀ ਕਰ ਰਹੇ ਮਜ਼ਦੂਰ ਵੀ ਜੋ ਧੁੱਪ ਦੀ ਪਰਵਾਹ ਨਹੀਂ ਕਰਦੇ, ਆਰਾਮ ਕਰਨ ਲਈ ਛਾਂ ਦੀ ਤਲਾਸ਼ ਕਰ ਰਹੇ ਸਨ। ਬੜਾ ਹੀ ਗਰਮ ਅਤੇ ਸਿਲ੍ਹਾ ਜਿਹਾ ਮੌਸਮ ਸੀ ।

ਦਿੱਲੀ ਯੂਨੀਵਰਸਿਟੀ ਦੇ ਇੱਕ ਸਿਰ-ਕੱਢ ਕਾਲਜ ਦੇ ਬਣਾਏ ਸੰਵਾਰੇ ਘਾਹ ਦੇ ਮੈਦਾਨ 'ਚ ਬਹੁਤ ਸਾਰੇ ਵਿਦਿਆਰਥੀ ਜਾਂ ਤਾਂ ਘਾਹ 'ਤੇ ਹੀ ਲੇਟ ਰਹੇ ਸਨ, ਜਾਂ ਦਰਖ਼ੱਤਾਂ ਦੇ ਝੁੰਡ ਹੇਠ ਟੁੱਟੇ ਫੁੱਟੇ ਬੈਂਚਾਂ 'ਤੇ ਬਿਰਾਜੇ ਹੋਏ ਸਨ। ਉਹ ਸੀਤਲ ਤਰਲ ਪਦਾਰਥਾਂ ਦਾ ਪ੍ਰਯੋਗ ਕਰ ਰਹੇ ਸਨ ਤੇ ਤਾਜ਼ੀ ਹਵਾ ਲਈ ਤਰਲੋ-ਮੱਛੀ ਹੋ ਰਹੇ ਸਨ। ਬੱਦਲ ਧੂੰਏ ਰੰਗੇ ਸਨ , ਥੱਕੇ-ਟੁੱਟੇ ਬਿਰਛ ਅਹਿੱਲ ਸਨ। ਜ਼ਿਮੀਂ ਵੀ ਆਪਣੀ ਚਾਲੇ ਚਲਣ 'ਚ ਅਸਫ਼ਲ ਪ੍ਰਤੀਤ ਹੋ ਰਹੀ ਸੀ ।

ਗਰਮੀ ਅਤੇ ਮੁੜ੍ਹਕੇ ਨੂੰ ਮਨੋਂ ਭੁਲਾਉਣ ਲਈ ਹਰ ਕੋਈ ਗੱਲਾਂ 'ਚ ਮਗਨ ਸੀ, ਸਿਵਾਏ ਜਸਕੀਰਤ ਸਿੰਘ ਤੋਂ, ਜੋ ਇਕੱਲਾ ਹੀ ਮੋਟਰ ਸਾਈਕਲ ਸਟੈਂਡ ਦੀ ਟੁੱਟੀ-ਫੁੱਟੀ ਛੱਤ ਹੇਠ ਬੈਠਾ ਗੰਭੀਰਤਾ ਨਾਲ ਸੋਚ ਰਿਹਾ ਸੀ । ਉਹ ਬੜਾ ਛੈਲ-ਛਬੀਲਾ, ਤਿੱਖੇ ਨੈਣ-ਨਕਸ਼ਾਂ ਵਾਲਾ ਸੀ, ਲਾਲ ਚਮਕਦੀ ਦਸਤਾਰ, ਦਾਹੜੀ ਅਤੇ ਯੋਧਿਆਂ ਵਾਂਗ ਰੋਹਬਦਾਰ ਮੁੱਛਾਂ

ਕਾਰਨ ਹੋਰ ਹੀ ਦਿੱਖ ਪੇਸ਼ ਕਰ ਰਿਹਾ ਸੀ, ਕੋਈ ਸੋਚ ਵੀ ਨਹੀਂ ਸੀ ਸਕਦਾ ਕਿ ਉਸਦੇ ਦਸ ਸਾਲ ਪਹਿਲਾਂ ਪਹਿਨੇ ਵਿਦੇਸ਼ੀ ਜ਼ੀਨ ਦੇ ਕਪੜੇ ਕਿਹੋ ਜਿਹੇ ਲੱਗਦੇ ਸਨ ? ਕਿਉਂਕਿ ਹੁਣ ਤਾਂ ਉਸ 'ਤੇ ਕਈ ਰੰਗਾਂ-ਢੰਗਾਂ ਦੇ ਛੋਟੇ-ਵੱਡੇ ਪੈਂਚਰ ਲੱਗੇ ਹੋਏ ਸਨ ।

ਜਸਕੀਰਤ ਪੰਜਾਬ ਦੇ ਸਰਦੇ ਪੁਜਦੇ ਘਰਾਣੇ ਨਾਲ ਸੰਬੰਧ ਰਖਦਾ ਸੀ ਅਤੇ ਪਿਛਲੇ ਗਿਆਰਾਂ ਸਾਲਾਂ ਤੋਂ ਹੋਸਟਲ 'ਚ ਰਹਿ ਰਿਹਾ ਸੀ, ਗਰਮੀ-ਸਰਦੀ ਦੀਆਂ ਛੁੱਟੀਆਂ ਕੱਟਣ ਲਈ ਕਦੀ ਕਦਾਈਂ ਹੀ ਪਿੰਡ ਜਾਂਦਾ । ਸ਼ੁਰੂ ਤੋਂ ਹੀ ਪੜ੍ਹਾਈ 'ਚ ਬਹੁਤ ਰੁਚੀ ਰੱਖਦਾ ਸੀ ਅਤੇ ਹਮੇਸ਼ਾ ਜਮਾਤ ਵਿੱਚ ਪੁਜ਼ੀਸ਼ਨ ਹਾਸਲ ਕਰਦਾ, ਅਤਿ ਦਰਜੇ ਦਾ ਪੜ੍ਹਾਕੂ, ਉੱਚ-ਕੋਟੀ ਦਾ ਖਿਡਾਰੀ, ਮੰਨਿਆ-ਪ੍ਰਮੰਨਿਆ ਬੁਲਾਰਾ, ਵਿਦਿਆਰਥੀ ਜਥੇਬੰਦੀ ਦਾ ਮੈਂਬਰ, ਜਿਸ ਪਾਸੇ ਵੀ ਲਗਦਾ ਨਿਪੁੰਨਤਾ ਹਾਸਲ ਕਰਕੇ ਰਹਿੰਦਾ।

ਪਰੰਤੂ ਹੁਣ ਐਮ.ਏ. ਦੇ ਆਖ਼ਰੀ ਸਾਲ ਵਿਚ ਬਿਲਕੁੱਲ ਨੌਜੁਆਨ ਹੁੰਦਾ ਹੋਇਆ ਉਹ ਮਹਿਸੂਸ ਕਰਨ ਲੱਗਾ ਕਿ ਜੀਵਨ ਦੀ ਚੰਗਿਆੜੀ ਖ਼ਤਮ ਹੋ ਚੁੱਕੀ ਹੈ। ਉਹ ਮਸ਼ੀਨ ਵਾਂਗ ਹੀ ਕੰਮ ਕਰਦਾ, ਰੋਜ਼ਾਨਾ ਦੇ ਬੇਰਸ ਅਤੇ ਨੀਰਸ ਧੰਦੇ ਨਾਲ ਨਿਬੜਦਾ ਅਤੇ ਉਹ ਸ਼ੌਕ ਅਤੇ ਪ੍ਰੇਰਣਾ ਜਿਹੜੀ ਉਹ ਕਦੇ ਮਹਿਸੂਸ ਕਰਦਾ ਸੀ, ਪੂਰਨ ਤੌਰ 'ਤੇ ਗ਼ਾਇਬ ਸੀ । ਉਹ ਉੱਡ-ਪੁੱਡ ਜਿਹਾ ਗਿਆ ਅਤੇ ਇਕੱਲੇ ਰਹਿਣ ਕਰਕੇ ਆਪਣੇ ਆਪ 'ਚ ਦੁਖੀ ਹੋ ਗਿਆ ।

ਉਸ ਦੇ ਦੋਸਤ ਵੀ ਉਸ ਨੂੰ "ਵੱਡਾ ਅਗਾਂਹਵਧੂ ਅੰਗਰੇਜ਼" ਨਹੀਂ ਸੀ ਮੰਨਦੇ ਅਤੇ ਇਹ ਅਸਲੋਂ ਹੀ ਇਕ ਖ਼ਾਮੀ ਸੀ, ਕਿਉਂਕਿ ਇਹ ਹਾਸਲ ਕੀਤਾ ਦਰਜਾ ਇਹ ਸੀ ਭਾਵੇਂ ਉਹ ਬਾਹਰੀ ਅਤੇ ਪੇਤਲਾ ਹੀ ਹੋਵੇ, ਜਿਹੜਾ ਰਾਤਰੀ ਦੇ ਜਸ਼ਨਾਂ ਲਈ ਦਰਵਾਜ਼ੇ ਖੋਲ੍ਹਦਾ ਸੀ ਅਤੇ ਵਿਦਿਆਰਥੀ ਭਾਈਚਾਰੇ 'ਚ ਉੱਚਤਾ ਦਾ ਪੈਮਾਨਾ ਸੀ। ਜਸਕੀਰਤ ਦੇ ਖੁੱਲ੍ਹੇ ਦਾਹੜੇ, ਸਾਬਤ ਮੁੱਛਾਂ ਅਤੇ ਸਾਥੀਆਂ ਨਾਲ ਬੈਠ ਕੇ ਸ਼ਰਾਬ ਅਤੇ ਸਿਗਰਟ ਪੀਣ ਤੋਂ ਇਨਕਾਰ ਨੇ ਉਸ ਲਈ 'ਸੰਤ ਜਾਂ ਮਹਾਰਾਜ਼' ਦੀ ਅੱਲ ਪਵਾ ਦਿੱਤੀ ।

ਤੂੰ ਸਿਗਰਟ ਨਹੀਂ ਪੀਂਦਾ ? ਉਸ ਨੂੰ ਹਰ ਕੋਈ ਪੁੱਛਦਾ ਅਤੇ ਜਵਾਬ ਦੇਣ ਤੋਂ ਪਹਿਲਾਂ ਹੀ ਉਸ ਨੂੰ ਕਿਹਾ ਜਾਂਦਾ, ਆ ਜਾ, ਕਮਰੇ 'ਚ ਵੀ ਪੀਂਦਾ ਹੀ ਏਂ, ਸਾਰੇ ਪੀਂਦੇ ਆ, ਆ ਜਾ ਮਰ ਜਾ - ਤੇਰੇ ਬੁੜ੍ਹੇ ਨੂੰ ਨਹੀਂ ਦੱਸਦੇ ।

ਜਦੋਂ ਜਸਕੀਰਤ ਨੇ ਆਪਣੇ ਸਾਥੀਆਂ ਨੂੰ ਦੱਸਿਆ ਕਿ ਉਹ ਸਿਗਰਟ ਨਹੀਂ ਪੀਂਦਾ, ਤਾਂ ਉਹ ਉਸ 'ਤੇ ਖ਼ੁਸ਼ ਨਹੀਂ ਸਨ ਅਤੇ ਨਾ ਹੀ ਉਸ 'ਤੇ ਯਕੀਨ ਕਰਦੇ । ਉਹ ਪਿੱਠ ਪਿਛੇ ਉਸ ਨੂੰ ਪਖੰਡੀ ਕਹਿੰਦੇ । ਕੈਂਪਸ ਵਿਚ ਉਸਦਾ ਬਾਈਕਾਟ ਹੀ ਨਹੀਂ ਕਰਦੇ ਸਗੋਂ, ਦਿਨ-ਬ-ਦਿਨ ਉਸ ਉੱਤੇ ਭਾਰੂ ਹੁੰਦੇ ਗਏ । ਉਸਦੀ ਇੱਕ ਜਮਾਤਣ ਅੰਮ੍ਰਿਤ ਕੌਰ ਜਿਸ ਨੂੰ ਅਕਲ ਦੀ ਦੇਵੀ ਵੀ ਕਿਹਾ ਜਾਂਦਾ ਸੀ, ਜਸਕੀਰਤ ਦੀ ਕਾਫ਼ੀ ਹਮਾਇਤਣ ਸੀ, ਨੇ ਉਸਦਾ ਸੱਦਾ ਠੁਕਰਾ

ਦਿਤਾ ਕਿਉਂਕਿ ਉਹ ਸ੍ਰੀ ਸਾਹਿਬ ਸਮੇਤ ਪਾਰਟੀ 'ਤੇ ਜਾਣ ਲਈ ਬਜ਼ਿੱਦ ਸੀ ਅਤੇ ਉਹ ਇਸ ਨੂੰ ਸਭਿੱਅਕ ਤੌਰ 'ਤੇ ਪੱਛੜੇਪਨ ਦੀ ਨਿਸ਼ਾਨੀ ਅਤੇ ਮਨ ਦੀ ਉਜੱਡਤਾ ਖ਼ਿਆਲ ਕਰਦੀ ਸੀ । ਅਜਿਹਾ ਵਤੀਰਾ ਉਸ ਲਈ ਇਕੱਠ ਵਿਚ ਰਚਣ-ਮਿਚਣ ਲਈ ਇਕ ਰੁਕਾਵਟ ਸੀ । ਇਸ ਵਾਰ ਉਹ ਸਮਝੌਤੇ ਦੇ ਹੱਕ ਵਿਚ ਨਹੀਂ ਸੀ ਅਤੇ ਉਸ ਨੂੰ ਗੁੱਠੇ ਲਾਉਣ 'ਤੇ ਤੁਲੀ ਹੋਈ ਸੀ ।

ਆਪਣੀ ਵਿਦਵਤਾ ਦੀ ਅੱਗ ਵਿਚ ਕੁੜ੍ਹਦੀ ਬੋਲੀ ,"ਤੁਸੀਂ ਅਗਾਂਹਵਧੂ ਹੋਣ ਦਾ ਦਾਅਵਾ ਕਰਦੇ ਹੋ, ਪਰੰਤੂ ਬਿਸਵੇਦਾਰਾਂ ਵਾਂਗ ਤਲਵਾਰ ਚੁੱਕੀ ਫਿਰਦੇ ਹੋ । ਜੇ ਇਹ ਮਾਣ ਮਰਿਯਾਦਾ ਜਾਂ ਰਾਖੀ ਲਈ ਹੈ, ਤਾਂ ਬੰਦੂਕ ਇਸ ਨਾਲੋਂ ਕਈ ਦਰਜੇ ਬਿਹਤਰ ਹੈ । ਵਰਤਮਾਨ ਵਿਚ ਜੀਓ, ਭੂਤ ਦੇ ਪੁਜਾਰੀ ਨਾ ਬਣੋ।" ਜਸਕੀਰਤ ਦੇ ਹੋਸਟਲ ਦੇ ਕਮਰੇ 'ਚ ਸੁੱਟੇ ਕਾਗਜ਼ ਦੇ ਟੁਕੜੇ 'ਤੇ ਉਸਨੂੰ ਕਾਨਵੈਂਟ ਸਕੂਲ 'ਚ ਨੈਤਿਕਤਾ ਦੇ ਉਸਤਾਦ ਬਨਣ ਦੀ ਪੇਸ਼ਕਸ਼ ਕੀਤੀ ਗਈ ।

ਜਸਕੀਰਤ ਜਿਤਨਾ ਜ਼ੋਰ ਆਪਣੀ ਮੁਸ਼ਕਲ ਹੱਲ ਕਰਨ 'ਤੇ ਲਾਉਂਦਾ, ਉਤਨਾ ਹੀ ਉਸ ਨੂੰ ਆਪਣੀਆਂ ਕੋਸ਼ਿਸ਼ਾਂ ਫ਼ਜ਼ੂਲ ਲਗਦੀਆਂ। ਕਿਸੇ ਸਮੇਂ ਉਹ ਜੀਵਨ ਦੇ ਰਾਜ਼ ਦਲੀਲ ਬਾਜ਼ੀ ਦੇ ਆਧਾਰ 'ਤੇ ਖੋਲ੍ਹਣ 'ਚ ਫ਼ਖ਼ਰ ਮਹਿਸੂਸ ਕਰਦਾ ਸੀ,ਪਰੰਤੂ ਹੁਣ ਸਭ ਕੁਝ ਖੁੱਸਦਾ ਜਾ ਰਿਹਾ ਸੀ । ਇਸ ਵਧ ਰਹੀ ਬਿਪਤਾ ਦੀ ਘੜੀ ਵਿਚ ਉਸਨੇ ਆਪਣੇ ਪਿਤਾ ਜੀ ਨੂੰ ਪੱਤਰ ਲਿਖਣ ਦਾ ਫ਼ੈਸਲਾ ਕੀਤਾ।

ਚੰਗੇ ਭਾਗਾਂ ਨੂੰ ਜਸਕੀਰਤ ਦਾ ਪਿਤਾ ਇਕ ਉੱਘਾ ਕਵੀ ਸੀ, ਜਿਸਨੂੰ ਦੇਸ਼-ਬਦੇਸ਼ 'ਚ ਕਈ ਵਾਰ ਸਨਮਾਨਿਆ ਗਿਆ ਸੀ। ਪਿਛਲੇ ਤੀਹ ਸਾਲਾਂ 'ਚ ਉਹ ਆਪਣੀਆਂ ਕਿਤਾਬਾਂ ਦੇ ਜ਼ਰੀਏ ਬੜਾ ਜੋਸ਼ੀਲਾ ਅਤੇ ਰੂੜੀਮੁਕਤ ਕਵੀ ਜਾਣਿਆ ਜਾਣ ਲੱਗ ਪਿਆ ਸੀ । ਉਹ ਕੈਂਬਰਿਜ, ਹਾਰਵਰਡ ਅਤੇ ਮਿਸ਼ਗਿਨ ਵਿਖੇ ਲੈਕਚਰਾਰ ਰਹਿ ਚੁੱਕਾ ਸੀ ਅਤੇ ਵੱਡੇ-ਵੱਡੇ ਅੰਤਰ ਰਾਸ਼ਟਰੀ ਅਦਾਰਿਆਂ ਸਾਹਮਣੇ ਭਾਸ਼ਣ ਦੇ ਚੁੱਕਾ ਸੀ ।

ਪਿਤਾ ਪੁੱਤਰ ਵਿਚਕਾਰ ਪੱਤਰ ਵਿਹਾਰ ਹਮੇਸ਼ਾ ਹੀ ਜਸਕੀਰਤ ਲਈ ਪ੍ਰੇਰਨਾ, ਹੌਂਸਲਾ ਤੇ ਸਵੇ-ਵਿਸ਼ਵਾਸ ਦੇ ਸੋਮੇ ਹੁੰਦੇ ਅਤੇ ਉਹ ਇਕ-ਇਕ ਪੱਤਰ ਆਪਣੇ ਸਾਥੀਆਂ ਨੂੰ ਉੱਚੀ ਉੱਚੀ ਪੜ੍ਹ ਕੇ ਸੁਣਾਉਂਦਾ । ਜਦੋਂ ਕਿਤਾਬਾਂ, ਮਿੱਤਰ ਅਤੇ ਅਧਿਆਪਕ ਉਸਦਾ ਮਸਲਾ ਹੱਲ ਕਰਨ 'ਚ ਅਸਫ਼ਲ ਹੋ ਜਾਂਦੇ , ਤਾਂ ਉਹ ਪਿਤਾ ਦਾ ਰਾਹ ਤੱਕਦਾ । ਅਜਿਹਾ ਉਦੋਂ ਹੀ ਪ੍ਰਚੱਲਤ ਹੋ ਚੁੱਕਾ ਸੀ, ਜਦ ਉਹ 6 ਸਾਲ ਦਾ ਸੀ ਅਤੇ ਅੰਗਰੇਜ਼ੀ ਲਿਖਣੀ ਸਿੱਖ ਗਿਆ ਸੀ।

ਜਦ ਉਹ 7 ਸਾਲ ਦਾ ਸੀ, ਉਹ ਤੇਜ਼ ਦੌੜਨਾ ਸਿੱਖਣਾ ਚਾਹੁੰਦਾ ਸੀ । ਬਾਰਾਂ ਸਾਲ ਦਾ ਹੋ ਕੇ ਇਹ ਜਾਨਣਾ ਚਾਹੁੰਦਾ ਸੀ ਕਿ ਤੇਜ਼ ਯਾਦਾਸ਼ਤ ਕਿੱਦਾਂ ਪੈਦਾ ਕੀਤੀ ਜਾਵੇ ਅਤੇ ਹੁਣ 20

ਸਾਲ ਦਾ ਹੋ ਕੇ ਇਹ ਜਾਨਣਾ ਚਾਹੁੰਦਾ ਸੀ ਕਿ ਉਸ ਲਈ ਲੰਬੇ ਕੇਸ ਅਤੇ ਕਿਰਪਾਨ ਰੱਖਣੇ ਕਿਉਂ ਜ਼ਰੂਰੀ ਹਨ ? ਇਹ ਸਮੱਸਿਆ ਉਸਨੂੰ ਘੁਣ ਵਾਂਗ ਖਾ ਰਹੀ ਸੀ ਅਤੇ ਉਸਨੂੰ ਅਧਮੋਇਆ ਕਰਕੇ ਸੁੱਟ ਰਹੀ ਸੀ । ਉਹ ਜਾਣਦਾ ਸੀ ਕਿ ਜੇ ਇਸ ਦਾ ਕੋਈ ਇਲਾਜ ਹੈ ਤਾਂ ਸਿਰਫ਼ ਪਿਤਾ ਜੀ ਪਾਸ ਅਤੇ ਉਨ੍ਹਾਂ ਨੂੰ ਆਪਣੀ ਬੀਮਾਰੀ ਬਾਰੇ ਜ਼ਰੂਰ ਲਿਖਣਾ ਚਾਹੀਦਾ ਹੈ । ਪਿਤਾ ਜੀ ਨੂੰ ਪੱਤਰ ਲਿਖਣ 'ਚ ਉਹ ਆਪਣੇ ਆਪ ਨੂੰ ਬਾਗ਼ੀ ਸਮਝਣ ਲੱਗਾ, ਜਿਸ ਵਿੱਚ ਘਰ ਵਾਲਿਆਂ ਦੀ ਹੱਤਕ ਅਤੇ ਆਪਣੀ ਬਰਾਦਰੀ ਨਾਲ ਧ੍ਰੋਹ ਲਿਖਿਆ ਹੁੰਦਾ ਸੀ। ਪਰੰਤੂ ਇਸ ਗੁੰਝਲ ਦਾ ਹੱਲ ਵੀ ਤਾਂ ਲੱਭਣਾ ਸੀ , ਜਿਹੜਾ ਉਹ ਆਪ ਲੱਭਣ ਤੋਂ ਅਸਮਰੱਥ ਸੀ ।

---

ਸੇਂਟ ਸਟੀਫ਼ਨ ਕਾਲਜ,

ਦਿੱਲੀ, ਮਈ 77.....

ਮੇਰੇ ਪਿਆਰੇ ਪਿਤਾ ਜੀ,

*ਸਤਿ ਸ੍ਰੀ ਅਕਾਲ,*

ਬੜੇ ਹੀ ਦੁੱਖ, ਤਣਾਉ ਅਤੇ ਦੁਰਦਸ਼ਾ ਦੀ ਹਾਲਤ 'ਚ ਆਪ ਜੀ ਨੂੰ ਲਿਖ ਰਿਹਾ ਹਾਂ। । ਮੈਂ ਬੜਾ ਥੋਥਾ ਅਤੇ ਸੁੰਨਾ ਜਿਹਾ ਮਹਿਸੂਸ ਕਰ ਰਿਹਾ ਹਾਂ । ਦਿਲ ਥੱਕਿਆ ਟੁੱਟਿਆ ਅਤੇ ਬਿਖਰਿਆ ਪਿਆ ਹੈ । ਇਹ ਪੱਤਰ ਵੀ ਓਨਾ ਖ਼ੁਸ਼ੀ ਭਰਿਆਂ ਪੱਤਰਾਂ ਦੀ ਮਾਲਾ ਦਾ ਮਣਕਾ ਹੋ ਸਕਦਾ ਸੀ, ਜਿਹੜੇ ਅਸੀਂ ਇਕ ਦੂਜੇ ਨੂੰ ਲਿਖਦੇ ਰਹੇ ਹਾਂ, ਪਰੰਤੂ ਉਹ ਚੰਗੀਆਂ ਚੀਜ਼ਾਂ ਖੰਭ ਲਾਕੇ ਉੱਡ ਗਈਆਂ ਹਨ । ਉਹ ਖ਼ੁਸ਼ੀ ਜਿਸ ਨਾਲ ਮੇਰਾ ਦਿਲ ਝੂਮ ਉੱਠਦਾ ਸੀ, ਸਿਰਫ਼ ਇਕ ਫ਼ੋਕੀ ਯਾਦ ਬਣਕੇ ਰਹਿ ਗਈ ਹੈ ।

ਮੈਨੂੰ ਇਹ ਮੰਨਣ 'ਚ ਗੁਰੇਜ਼ ਨਹੀਂ ਕਿ ਮੇਰਾ ਜੀਵਨ ਨਾਲੋਂ ਸੰਪਰਕ ਟੁੱਟ ਚੁੱਕਾ ਹੈ ਕਿਉਂਕਿ ਇਨ੍ਹਾਂ ਮਹੀਨਿਆਂ 'ਚ ਆਪਣੀਆਂ ਸਮੱਸਿਆਵਾਂ ਬਾਰੇ ਲਿਖਣ ਦੀ ਬਜਾਇ, ਮੈਂ ਅਚਨਚੇਤ ਭੁੜਕ ਪਿਆ ਹਾਂ । ਹਫ਼ਤਾ ਪਹਿਲਾਂ ਹੀ ਮੈਂ ਆਪਣੀਆਂ ਸਮੱਸਿਆਵਾਂ ਦਾ ਹੱਲ ਲੱਭਣ ਲਈ ਬੇਬਾਕ (ਕੋਨਫੀਡੈਂਟ) ਸਾਂ । ਹੁਣ ਉਹ ਕਿਤਾਬਾਂ, ਜੋ ਮੈਂ ਸਬਰ ਨਾਲ ਪੜ੍ਹਦਾ ਸਾਂ, ਮੇਰਾ ਆਪਣਾ ਅਨੁਭਵ ਤੇ ਸੋਚ ਮੇਰਾ ਸਾਥ ਛੱਡ ਗਏ ।

ਪਿਤਾ ਜੀ। ਮੈਂ ਤੁਹਾਨੂੰ ਲਿਖਣ ਦਾ ਇਰਾਦਾ ਬਣਾਇਆ ਹੈ ਕਿ ਮੈਂ ਪੰਜ ਕਕਾਰਾਂ ਨੂੰ ...ਤ ਕਰ ਜਿਸ ਨੂੰ ਅਕਲ ਦੀ

ਮੰਨਣ ਤੋਂ ਮੁਨਕਰ ਹਾਂ, ਜਿਨ੍ਹਾਂ ਨੂੰ ਮੈਂ ਹੁਣ ਤੱਕ ਰੱਬ ਦਾ ਭੈਅ ਮੰਨਣ ਵਾਲਾ, ਧਰਮੀ, ਆਗਿਆਕਾਰ ਪੁੱਤਰ ਅਤੇ ਇਸ ਤੋਂ ਵੀ ਵੱਧਕੇ 'ਗੁਰੂ ਦਾ ਸਿੱਖ' ਬਣੇ ਰਹਿਣ ਲਈ ਅਤਿਅੰਤ ਜ਼ਰੂਰੀ ਸਮਝਦਾ ਰਿਹਾ ਹਾਂ ।

ਮੈਨੂੰ ਇਹ ਮੰਨਣ 'ਚ ਕੋਈ ਸ਼ੱਕ-ਸ਼ੁਬਾ ਨਹੀਂ ਕਿ ਅੱਜ ਤੋਂ ਤਿੰਨ ਸਦੀਆਂ ਪਹਿਲਾਂ ਲੜਾਈਆਂ ਦੌਰਾਨ ਸਿੱਖਾਂ ਦੀ ਸ਼ਖਸੀਅਤ ਅਤੇ ਏਕਤਾ ਬਰਕਰਾਰ ਰੱਖਣ ਲਈ ਇਹ ਚਿੰਨ੍ਹ ਜ਼ਰੂਰੀ ਸਨ । ਇਹ ਉਸ ਦੁਸ਼ਮਣ ਦੇ ਖ਼ਿਲਾਫ਼ ਲੜਨ ਲਈ ਜੋ ਸਿੱਖਾਂ ਦਾ ਬੀਜ ਨਾਸ਼ ਕਰਨ 'ਤੇ ਤੁਲਿਆ ਹੋਇਆ ਸੀ, ਚੰਗੀ ਯੁੱਧ ਨੀਤੀ ਸੀ ।

ਪਰੰਤੂ ਅਜੋਕੇ ਸਮੇਂ 'ਚ ਨਾ ਤਾਂ ਇਨ੍ਹਾਂ ਚਿੰਨ੍ਹਾਂ ਦਾ ਕੋਈ ਮਤਲਬ ਹੈ, ਤੇ ਨਾ ਹੀ ਕੋਈ ਪ੍ਰਭਾਵਸ਼ਾਲੀ ਸਪੱਸ਼ਟੀਕਰਨ । ਮੇਰੇ ਲਈ ਕਿਰਪਾਨ ਤੇ ਕੜੇ ਦੀ ਅਨਭੁਲਤਾ ਵਰਨਣ ਕਰਨੀ ਔਖੀ ਹੀ ਨਹੀਂ, ਪਰੰਤੂ ਉਹ ਜੋ ਗੁਰਦੁਆਰਿਆਂ ਵਿਚ ਉਪਦੇਸ਼ ਕਰਦੇ ਹਨ ਜਾਂ ਧਾਰਮਿਕ ਰਸਾਲਿਆਂ 'ਚ ਬੜੇ ਜੋਸ਼ੋ ਖ਼ਰੋਸ਼ ਨਾਲ ਲਿਖਦੇ ਹਨ, ਦਾ ਪੱਖ ਲੈਣਾ ਵੀ ਮੁਸ਼ਕਲ ਹੈ । ਸ: ਰਾਜ ਪ੍ਰਤਾਪ ਸਿੰਘ ਨੇ ਪੰਜ ਕਕਾਰਾਂ ਦੀ ਮਹੱਤਤਾ ਬਾਰੇ ਪੰਜ ਸਫ਼ੇ ਦਾ ਲੇਖ ਲਿਖਿਆ, ਪਰੰਤੂ ਜਦ ਮੈਂ ਪਿਛਲੇ ਹਫ਼ਤੇ ਉਸਨੂੰ ਕਲੱਬ 'ਚ ਮਿਲਿਆ, ਉਸਨੇ ਕ੍ਰਿਪਾਨ ਨਹੀਂ ਪਹਿਨੀ ਹੋਈ ਸੀ । ਇਸ ਦੋਹਰੀ ਨੀਤੀ 'ਚ ਉਹ ਇਕੱਲਾ ਨਹੀਂ ਹੈ ।

ਮੈਂ ਇਕੱਲਾ ਹੀ ਇਹ ਖੱਪਾ ਮਹਿਸੂਸ ਨਹੀਂ ਕਰਦਾ, ਮੇਰੇ ਕਾਲਜ ਦੇ ਹੋਰ ਮੁੰਡੇ ਰਾਜਬੀਰ, ਸੁਚੇਤ ਅਤੇ ਮਨਦੀਪ ਆਦਿ ਵੀ ਰੋਜ਼ਾਨਾ ਜੀਵਨ ਵਿੱਚ ਇਨ੍ਹਾਂ ਚਿੰਨ੍ਹਾਂ ਦੀ ਪ੍ਰਮਾਣਿਕਤਾ ਨੂੰ ਕਬੂਲਣ ਤੋਂ ਅਸਮਰਥ ਹਨ । ਉਹ ਕਿਰਪਾਨ ਅਤੇ ਰੱਬ ਨਾਲ ਮਿਲਣ ਦੇ ਮਨੁੱਖੀ ਯਤਨਾਂ ਵਿਚ ਕੋਈ ਤਾਲਮੇਲ ਜਾਂ ਇਕਸੁਰਤਾ ਸਥਾਪਿਤ ਨਹੀਂ ਕਰ ਸਕਦੇ , ਨਾ ਹੀ ਮੈਂ ਉਨ੍ਹਾਂ ਨੂੰ ਕਿਸੇ ਤਰੀਕੇ ਨਾਲ ਇਹ ਯਕੀਨ ਦਿਵਾ ਸਕਦਾ ਹਾਂ ਕਿ ਮੈਂ ਇਨ੍ਹਾਂ ਕਕਾਰਾਂ ਸਦਕਾ ਉਨ੍ਹਾਂ ਤੋਂ ਵੱਡਾ ਸਿੱਖ ਹਾਂ। ਉਹ ਵੀ ਮੇਰੇ ਬਰਾਬਰ ਦੇ ਸਿੱਖ ਸਮਝੇ ਜਾਂਦੇ ਹਨ। ਸੱਚ ਪੁੱਛੋ ਤਾਂ ਮੈਥੋਂ ਵੀ ਵੱਧ, ਕਿਉਂਕਿ ਉਹ ਸਮੇਂ ਦੀ ਚਾਲ ਨਾਲ ਚਲਦੇ ਹਨ ਅਤੇ ਮੈਨੂੰ ਇਕ ਕਿਸਮਤ ਦੇ ਭਰੋਸੇ ਰਹਿਣ ਵਾਲਾ ਬੁੱਧੂ ਸਮਝਿਆ ਜਾਂਦਾ ਹੈ , ਜੋ ਅਤੀਤ ਵੱਲ ਵੇਖਦਾ ਹੈ ਅਤੇ ਪੰਜਾਂ ਕਕਾਰਾਂ 'ਚੋਂ ਭਵਿੱਖ ਦੀ ਗਤੀ ਲੱਭਦਾ ਹੈ ।

ਰੱਬ 'ਚ ਯਕੀਨ, ਗਹਿਰ ਗੰਭੀਰ ਹੋਣ ਦੀ ਲੋੜ, ਤੰਬਾਕੂ ਦਾ ਨੁਕਸਾਨ, ਸ਼ਰਾਬ ਪੀਣ ਦੇ ਭੈੜੇ ਅਸਰ ਤੇ ਜਪੁਜੀ ਸਾਹਿਬ ਦਾ ਰੋਜ਼ਾਨਾ ਪਾਠ-ਇਨ੍ਹਾਂ 'ਤੇ ਮੈਨੂੰ ਕੋਈ ਇਤਰਾਜ਼ ਨਹੀਂ, ਮੈਂ ਪੂਰੀ ਤਰ੍ਹਾਂ ਸਹਿਮਤ ਹਾਂ, ਪਰ ਪੰਜ ਕਕਾਰਾਂ ਦੀ ਗੱਲ ਮੇਰੇ ਗੋੜ 'ਚ ਨਹੀਂ ਆਉਂਦੀ । ਇਕ ਖ਼ੁਸ਼ੀ ਭਰੀ ਅਤੇ ਸਾਵੀਂ ਪੱਧਰੀ ਜ਼ਿੰਦਗੀ ਤੇ ਪੰਜ ਕਕਾਰ ਮੈਨੂੰ ਬੇਤੁਕੀ ਅਤੇ ਅਣਜੋੜ ਜਿਹੀ ਗੱਲ ਲੱਗਦੀ ਹੈ ।

ਪਿਤਾ ਜੀ , ਤੁਸੀਂ ਕਾਫ਼ੀ ਹੱਦ ਤੱਕ ਇਸ ਲਈ ਪੜ੍ਹਾਉਂਦੇ ਹੋ ਕਿ ਤੁਹਾਨੂੰ ਇਸ ਦੇ ਪੈਸੇ ਮਿਲਦੇ ਹਨ। ਮੈਂ ਯੂਨੀਵਰਸਿਟੀ ਇਸ ਲਈ ਜਾਂਦਾ ਹਾਂ, ਤਾਂ ਕਿ ਪੜ੍ਹਕੇ ਆਪਣਾ ਭਵਿੱਖ ਬਣਾ ਸਕਾਂ । ਹਰ ਇੱਕ ਦਾ ਹੀ ਇਹੀ ਹਾਲ ਹੈ। ਸਾਰੇ ਕਿਸੇ ਨਾ ਕਿਸੇ ਕੰਮ 'ਚ ਰੁੱਝੇ ਹਨ, ਜੋ ਕਿ ਮਹੱਤਵਪੂਰਨ ਲਾਹੇਵੰਦ ਅਤੇ ਅਰਥ-ਭਰਪੂਰ ਹੈ ।

ਪਰੰਤੂ ਇਨ੍ਹਾਂ ਚਿੰਨ੍ਹਾਂ ਦਾ ਕੋਈ ਅਮਲੀ ਪ੍ਰਯੋਗ ਨਹੀਂ । ਉਹ ਚੀਜ਼ ਜਿਸਦਾ ਕੋਈ ਲਾਭ ਨਹੀਂ, ਸਮਝ ਤੋਂ ਪਰ੍ਹੇ ਅਤੇ ਨਿਰਜੀਵ ਹੈ , ਉਹ ਫ਼ਾਲਤੂ ਅਤੇ ਮੁਰਦਾ ਹੈ। ਸਾਡੀ ਜ਼ਿੰਦਗੀ ਦੁੱਖਾਂ ਭਰਪੂਰ ਹੈ । ਕਦੇ ਕਦਾਈਂ ਸੁਖ ਜਾਂ ਸ਼ਾਂਤੀ ਮਿਲਦੀ ਹੈ , ਜੋ ਸੁਰਗਾਂ ਦਾ ਲਾਰਾ ਲਾਵੇ, ਅਸੀਂ ਫ਼ੌਰਨ ਗਾਹਕ ਬਣ ਜਾਂਦੇ ਹਾਂ । ਕਈਆਂ ਨੂੰ ਜੀਵਨ ਥੋਥਾ ਲਗਦਾ ਹੈ, ਤਾਂ ਉਹ ਧਰਮ ਦਾ ਆਸਰਾ ਲੈਂਦੇ ਹਨ ਅਤੇ ਇਹ ਪਰੰਪਰਾ ਭਰਮ ਭੁਲੇਖੇ ਅਤੇ ਰਸਮੀ ਚਿੰਨ੍ਹਾਂ ਤੋਂ ਆਸ ਅਤੇ ਸੁਰੱਖਿਆ ਲਈ ਕੋਸ਼ਿਸ਼ ਹੋ ਨਿਬੜਦੇ ਹਨ। ਜਿਵੇਂ ਵਿਸ਼ਵਾਸ ਹੀ ਅਨੁਭਵ ਨੂੰ ਰੂਪਮਾਨ ਕਰਦਾ ਹੈ। ਇਹ ਚਿੰਨ੍ਹ ਅਸਲੀਅਤ ਧਾਰਨ ਕਰ ਜਾਂਦੇ ਹਨ, ਜਿਸ ਤੋਂ ਬਚਿਆ ਨਹੀਂ ਜਾ ਸਕਦਾ ।

ਇਕ ਵਾਰੀ ਮਨ ਇਨ੍ਹਾਂ ਚਿੰਨ੍ਹਾਂ ਦੁਆਰਾ ਦਿੱਤੀ ਸ਼ਖਸੀਅਤ ਨਾਲ ਨਸ਼ਿਆ ਜਾਵੇ, ਉਹ ਸਦਾ ਵਾਸਤੇ ਇਸ ਭੁਲੇਖੇ 'ਤੇ ਮੋਹਿਤ ਹੋ ਜਾਂਦਾ ਹੈ ਅਤੇ ਨਤੀਜੇ ਵਜੋਂ ਅਸੀਂ ਝੂਠੀ ਸ਼ਖਸੀਅਤ ਦੇ ਗ਼ੁਲਾਮ ਬਣ ਬਹਿੰਦੇ ਹਾਂ । ਅਜੇਹੀ ਸ਼ਖ਼ਸੀਅਤ ਦਾ ਵਿਰੋਧ ਡਰ ਉਪਜਾਉਂਦਾ ਹੈ ਅਤੇ ਡਰ ਵੀ ਜੋ ਸਿਰਜਣਾ, ਚੇਤੰਨਤਾ ਅਤੇ ਸੰਪੂਰਨ ਜ਼ਿੰਦਗੀ ਦੇ ਪ੍ਰਤੀਕੂਲ ਹੈ। ਇਹ ਡਰ ਹੀ ਚੇਤ ਜਾਂ ਅਚੇਤ ਰੂਪ ਵਿਚ ਸਾਨੂੰ ਚਿੰਨ੍ਹਾਂ ਦਾ ਸਤਿਕਾਰ ਕਰਨ ਲਈ ਮਜਬੂਰ ਕਰਦਾ ਹੈ। ਸਾਨੂੰ ਕਦੇ ਆਪਣੇ ਆਪ ਸੋਚਣ ਜਾਂ ਖ਼ੋਜਣ ਲਈ ਪੜ੍ਹਾਇਆ ਜਾਂ ਸਿਖਾਇਆ ਨਹੀਂ ਜਾਂਦਾ, ਪਰੰਤੂ ਹਮੇਸ਼ਾ ਹੀ ਨਿਯਤ ਨਿਯਮਾਂ ਦਾ ਪਾਲਣ ਕਰਨ ਲਈ ਆਖਿਆ ਜਾਂਦਾ ਹੈ। ਧਾਰਮਿਕ ਰਸਾਲੇ ਸਾਨੂੰ ਦੱਸਦੇ ਹਨ ਕਿ ਕੀ ਕਰਨਾ ਹੈ? ਪੁਜਾਰੀ ਜ਼ਿੰਦਗੀ ਬਾਰੇ ਦੱਸਦੇ ਹਨ ਅਤੇ ਸਾਡਾ ਅੰਦਰਲਾ ਡਰ ਸਾਨੂੰ ਮੰਨਣ ਲਈ ਮਜਬੂਰ ਕਰਦਾ ਹੈ ਕਿਉਂਕਿ ਜੇ ਅਸੀਂ ਨਕਲ ਨਹੀਂ ਕਰਦੇ ਅਸੀਂ ਉੱਖੜ ਜਾਵਾਂਗੇ ਤੇ ਇਕੱਲੇ ਰਹਿ ਜਾਵਾਂਗੇ।

ਸੋ ਅਸੀਂ ਇਸ ਕਰਕੇ ਕਕਾਰ ਧਾਰਣ ਕਰਦੇ ਹਾਂ ਕਿ ਅਸੀਂ ਪੂਰੀ ਤਰ੍ਹਾਂ ਖ਼ੌਫ਼ ਖਾਂਦੇ ਹਾਂ। ਅਸੀਂ ਇਨ੍ਹਾਂ 'ਤੇ ਕਿੰਤੂ ਨਹੀਂ ਕਰਦੇ ਕਿਉਂਕਿ ਅਜੇਹਾ ਕਰਨਾ ਸਾਡੀ ਸ਼ਾਨ ਦੇ ਖ਼ਿਲਾਫ਼ ਹੈ। ਪੁਰਾਣੀ ਪੀੜ੍ਹੀ ਚਾਹੁੰਦੀ ਹੈ ਕਿ ਅਸੀਂ ਕੁਝ ਨਾ ਪੁੱਛੀਏ, ਉਨ੍ਹਾਂ ਵਿਚ ਸਾਡੇ ਸੁਆਲਾਂ ਦਾ ਸਾਹਮਣਾ ਕਰਨ ਦੀ ਜੁਰਅੱਤ ਨਹੀਂ।

ਉਨ੍ਹਾਂ ਦਾ ਆਪਣਾ ਵੱਖਰਾ ਹੀ ਖ਼ਾਸਾ ਹੈ ਅਤੇ ਉਹ ਮੱਧ ਸ਼੍ਰੇਣੀ ਦੀ ਨੈਤਿਕਤਾ ਅਤੇ ਮਾਣ ਮਰਿਯਾਦਾ- ਐਂ ਹੋਣਾ ਚਾਹੀਦਾ ਹੈ, ਐਸਾ ਚਾਹੀਦਾ ਹੈ , ਐਸਾ ਨਹੀਂ ਹੋਣਾ ਚਾਹੀਦਾ,

ਐਸਾ ਨਹੀਂ ਚਾਹੀਏ, ਦੇ ਧੰਦੇ 'ਚ ਉਲਝੇ ਪਏ ਹਨ। ਉਹ ਇਸ ਕਰਕੇ ਚਿੰਨ੍ਹ ਸਵੀਕਾਰ ਕਰਦੇ ਹਨ ਕਿਉਂਕਿ ਅਜੇਹਾ ਕਰਨ ਨਾਲ ਉਨ੍ਹਾਂ ਨੂੰ ਸਮਾਜ ਵਿਚ ਉੱਚਤਾ ਮਿਲਦੀ ਹੈ।

ਮੁੱਕਦੀ ਗੱਲ ਇਹ ਹੈ ਕਿ ਅਸੀਂ ਬਾਂਦਰਾਂ ਨਾਲੋਂ ਕਿਸੇਂ ਵੀ ਤਰ੍ਹਾਂ ਭਿੰਨ ਨਹੀਂ, ਜੋ ਹਮੇਸ਼ਾ ਨਕਲ ਉਤਾਰਦੇ ਹਨ , ਇਹ ਨਕਲ ਜਿਹੜੀ ਸਾਡੇ ਸੁਰੱਖਿਅਤ ਰਹਿਣ ਦੀ, ਦੁਖ ਨਾਲ ਟੱਕਰ ਲੈਣ ਤੋਂ ਬਚਣ ਦੀ ਪ੍ਰਵਿਰਤੀ ਚੋਂ ਪੈਦਾ ਹੁੰਦੀ ਹੈ। ਨਕਲ ਨਹੀਂ ਬਲਕਿ ਖ਼ੁਦ ਤਲਾਸ਼ ਕਰਨੀ ਇਹ ਜ਼ਿੰਦਗੀ ਹੈ। ਕੀ ਖਿਆਲ ਹੈ– ਨਹੀਂ ? ਸਾਨੂੰ ਦਸਿਆ ਜਾਂਦਾ ਹੈ ਕਿ ਢੂੰਡਣ ਦੀ ਆਜ਼ਾਦੀ ਉਦੋਂ ਮਿਲਦੀ ਹੈ , ਜਦੋਂ ਅਸੀਂ ਹੰਢ ਚੁੱਕੇ ਹੁੰਦੇ ਹਾਂ।

ਪਰੰਤੂ ਪਿਤਾ ਜੀ, ਸਾਨੂੰ ਜੁਆਨੀ 'ਚ ਖੁੱਲ੍ਹ ਮਿਲਣੀ ਚਾਹੀਦੀ ਹੈ , ਆਪਣੀਆਂ ਮੂਲ ਪ੍ਰਵਿਰਤੀਆਂ ਨੂੰ ਸਮਝ ਕੇ ਉਨ੍ਹਾਂ ਅਨੁਸਾਰ ਕੰਮ ਕਰਨ ਦੀ । ਮੈਂ ਇਹੋ ਜਿਹੇ ਨਕਲ ਉਤਾਰਨ ਦੇ ਢੰਗ ਤੋਂ ਮੁਕਤ ਕਿਉਂ ਨਹੀਂ ਹੋ ਸਕਦਾ ? ਇਹ ਮੇਰੇ 'ਚ ਲਗਾਤਾਰ ਡਰ ਉਤਪੰਨ ਕਰ ਰਿਹਾ ਹੈ ਅਤੇ ਇਹ ਡਰ ਇਸ ਜੰਜਾਲ ਨੂੰ ਹੋਰ ਮਜ਼ਬੂਤ ਕਰ ਰਿਹਾ ਹੈ। ਆਪੇ ਦੇ ਪ੍ਰਗਟਾਵੇ ਲਈ ਮੈਨੂੰ ਇਹ ਠੋਸੇ ਹੋਏ ਚਿੰਨ੍ਹ ਤਿਆਗ ਦੇਣੇ ਚਾਹੀਦੇ ਹਨ।

ਪੰਜੇ ਕੱਕੇ ਪਹਿਨ ਲੈਣਾ, ਕੀ ਤੁਸੀਂ ਇਸ ਨੂੰ ਧਰਮ ਸਮਝਦੇ ਹੋ ? ਇਹ ਚਿੰਨ੍ਹ ਮੈਨੂੰ ਕੁਝ ਹੱਦ ਤੱਕ ਖ਼ੁਸ਼ੀ ਅਤੇ ਵਿਲੱਖਣਤਾ ਦੇ ਸਕਦੇ ਹਨ, ਪਰ ਇਹ ਧਰਮ ਨਹੀਂ। ਕੁਝ ਕੁ ਰੀਤਾਂ ਰਿਵਾਜਾਂ ਨੂੰ ਚਿੰਨ੍ਹ ਮੰਨ ਲੈਣਾ–ਕੀ ਇਨ੍ਹਾਂ ਦਾ ਧਰਮ ਨਾਲ ਕੋਈ ਨਾਤਾ ਹੈ ? ਮੇਰਾ ਰੱਬ 'ਚ ਯਕੀਨ ਮੇਰੇ ਕੇਸਾਂ ਨਾਲ ਨਹੀਂ ਬੱਧਾ। ਇਹ ਚਿੰਨ੍ਹ ਧਰਮ ਨਹੀਂ , ਇਹ ਤਾਂ ਅੱਜ ਦੀ ਸੁਆਰਥੀ ਸ੍ਰੇਣੀ ਦੇ ਹਿਤਾਂ ਦੀ ਪੂਰਤੀ ਲਈ ਸਾਡੇ 'ਚ ਮੁਠ–ਭੇੜ ਪੈਦਾ ਕਰਨ ਦਾ ਸਿੱਟਾ ਹਨ। ਕੀ ਕਰਮ ਇਨ੍ਹਾਂ ਚਿੰਨ੍ਹਾਂ ਨਾਲੋਂ ਵੀ ਵਧੇਰੇ ਮਹੀਨ , ਪਵਿੱਤਰ ਅਤੇ ਗਹਿਰ–ਗੰਭੀਰ ਨਹੀਂ ? ਅਸੀਂ ਬਾਹਰੀ ਭੇਖ ਪਹਿਨ ਸਕਦੇ ਹਾਂ, ਪਰ ਸਾਡੇ ਵਿਚਲਾ ਮੂਲ–ਤੱਤ ਸਾਡੇ ਤੋਂ ਫਿਰ ਵੀ ਗਾਇਬ ਹੋ ਸਕਦਾ ਹੈ। ਸਾਨੂੰ ਇਨ੍ਹਾਂ ਤੋਂ ਰਹਿਤ ਹੋ ਕੇ ਜੀਣਾ ਅਤੇ ਅਸਲੀਅਤ ਦਾ ਮੁਕਾਬਲਾ ਕਰਨਾ ਚਾਹੀਦਾ ਹੈ। ਇਹ ਚਿੰਨ੍ਹ ਤਿਆਗੇ ਜਾਣੇ ਚਾਹੀਦੇ ਹਨ ਅਤੇ ਜੀਵਨ ਜਿਵੇਂ ਹੈ , ਉਵੇਂ ਸਮਝਣਾ ਚਾਹੀਦਾ ਹੈ।

ਹੁਣ ਤੱਕ ਚਿੰਨ੍ਹਾਂ ਬਾਰੇ ਮੈਂ ਆਪਣੇ ਨਿੱਜੀ ਵਿਚਾਰ ਦੱਸੇ ਹਨ, ਪਰੰਤੂ ਉਹ ਵੀ ਜੋ ਚਿੰਨ੍ਹਾਂ ਦੀ ਪੂਰਨ ਲੋੜ 'ਤੇ ਜ਼ੋਰ ਦਿੰਦੇ ਹਨ, ਨਾ ਹੀ ਇਕ ਰਾਇ ਰੱਖਦੇ ਹਨ ਅਤੇ ਨਾ ਹੀ ਇਸ ਨੂੰ ਡੂੰਘਾਈ ਤੱਕ ਸਮਝਦੇ ਹਨ, ਉਨ੍ਹਾਂ ਪਾਸ ਪੇਸ਼ ਕਰਨ ਲਈ ਕੋਈ ਠੋਸ ਚੀਜ਼ ਨਹੀਂ ਅਤੇ ਹਰ ਕੋਈ ਇਕ ਦੂਜੇ ਨਾਲੋਂ ਚਿੰਨ੍ਹਾਂ ਦੀ ਵਿਆਖਿਆ 'ਚ ਏਨਾ ਅਲੱਗ ਹੈ, ਜਿਵੇਂ ਕਿ ਦੋ ਰਾਜਸੀ ਵਿਰੋਧੀ। ਹਰੇਕ ਵਿਸਾਖੀ ਤੋਂ ਪਹਿਲਾਂ ਢੇਰ ਹੀ ਵਿਆਖਿਆਵਾਂ 'ਚ ਹੋਰ ਵਾਧਾ ਕੀਤਾ ਜਾਂਦਾ ਹੈ ।

ਕੋਈ ਸਿੱਖ ਨੌਜੁਆਨ ਲੜਕਾ ਜਾਂ ਲੜਕੀ ਆਪਣੀ ਨਈਆ ਕਿਥੇ ਟਿਕਾਵੇ ? ਉਹ ਸਹੀ ਦਿਸ਼ਾ ਲੱਭਣ ਲਈ ਆਪਣੀ ਹੀ ਸਿੱਖਿਆ 'ਤੇ ਛੱਡ ਦਿੱਤੇ ਜਾਂਦੇ ਹਨ। ਅਜੇਹੇ ਹਾਲਾਤ 'ਚ ਇਹ ਕੋਈ ਹੈਰਾਨੀ ਵਾਲੀ ਗੱਲ ਨਹੀਂ ਹੁੰਦੀ ਕਿ ਉਹ ਅਕਸ਼ਾਂਸ ਤੇ ਰੇਖਾਂਸ਼ ਦਾ ਸਹੀ ਅਨੁਮਾਨ ਨਹੀਂ ਲਾ ਸਕਦੇ ਅਤੇ ਨੌਜੁਆਨ ਆਪਣੇ ਆਪ ਨੂੰ ਤਰ੍ਹਾਂ ਤਰ੍ਹਾਂ ਦੀਆਂ ਵਿਆਖਿਆਵਾਂ ਦੇ ਚਿੱਕੜ ਵਿੱਚ ਧੱਸਦਾ ਮਹਿਸੂਸ ਕਰਦਾ ਹੈ। ਉਸ ਦੇ ਲਈ ਬਚਾਉ ਦਾ ਇਕੋ ਵਧੀਆ ਰਾਹ ਇਹ ਰਹਿ ਜਾਂਦਾ ਹੈ ਕਿ ਉਹ ਇਨ੍ਹਾਂ ਸਪੱਸ਼ਟੀਕਰਣਾਂ ਤੋਂ ਬਿਲਕੁੱਲ ਖਹਿੜਾ ਛੁਡਾ ਲਵੇ।

ਇਨ੍ਹਾਂ ਚਿੰਨ੍ਹਾਂ ਦਾ ਤਾਰਕਿਕ ਸਪਸ਼ਟੀਕਰਣ ਲੱਭਣ ਲੱਗਿਆਂ ਮੈਨੂੰ ਨਿਯਮਤ ਢੰਗਾਂ ਦੀ ਕੋਈ ਕਮੀ ਨਹੀਂ ਦਿਸੀ, ਜਿਨ੍ਹਾਂ ਦਾ ਖੇਤਰ ਦੂਜੇ ਧਰਮਾਂ ਅਤੇ ਉਸ ਦੇ ਮਹਾਂਪੁਰਸ਼ਾਂ ਨਾਲ ਸਮਾਨਤਾ ਲੱਭ ਕੇ ਪੰਜ ਕੱਕਿਆਂ ਦੀ ਮਹੱਤਤਾ ਦਰਸਾਣ ਤੋਂ ਲੈ ਕੇ ਸਮਾਜ ਸ਼ਾਸਤਰ ਦੀਆਂ ਵਿਧੀਆਂ ਤੱਕ, ਜੋ ਇਸ ਕਾਰਜ/ਰਸਮ ਦੇ ਘਟਨ ਦਾ ਸਮੁੱਚੇ ਸਮਾਜ ਜਾਂ ਵਰਗ ਨਾਲ ਰਿਸ਼ਤਾ ਜੋੜਦੀ ਹੈ, ਜਿਹੜੇ ਇਹ ਕਰਨ ਪ੍ਰਤੀ ਆਪਣਾ ਫ਼ਰਜ਼ ਪਛਾਣਦੇ ਹਨ।

ਇਤਫ਼ਾਕ ਨਾਲ ਵਿੱਦਿਅਕ ਖੇਤਰ 'ਚ ਸਪਸ਼ਟੀਕਰਨ ਨੂੰ ਕਬੂਲ ਕਰਨ ਦਾ ਆਧਾਰ ਵੀ ਉੱਚ ਪੱਧਰ ਦੇ ਵਿਸ਼ਲੇਸ਼ਣ ਨਾਲੋਂ ਵਿਦਵਾਨ ਦੁਆਰਾ ਵਰਤੀ ਤਕਨੀਕੀ ਸ਼ਬਦਾਵਲੀ ਹੀ ਹੁੰਦੀ ਹੈ। ਹਰੇਕ ਸਮਾਜ ਸ਼ਾਸਤਰੀ ਇਹ ਦਾਅਵਾ ਕਰਦਾ ਹੈ ਕਿ ਉਸ ਦਾ ਦ੍ਰਿਸ਼ਟੀਕੋਣ ਵਧੇਰੇ ਸਹੀ ਹੈ ਕਿਉਂਕਿ ਉਹ ਸਹੀ ਤੌਰ ਤਰੀਕੇ ਅਪਣਾ ਰਿਹਾ ਹੈ ਅਤੇ ਬਾਕੀ ਦੇ ਸਹੀ ਦਿਸ਼ਾ 'ਚ ਖੋਜ ਨਹੀਂ ਕਰ ਰਹੇ ਅਤੇ ਮੋਟੇ ਅਨੁਮਾਨਾਂ ਨਾਲ ਹੀ ਵਿਰੋਧੀ ਭਾਵ ਦੀ ਮਹੱਤਤਾ ਨੂੰ ਨਜ਼ਰਅੰਦਾਜ਼ ਕਰਦੇ ਹੋਏ ਸਿੱਟੇ ਕੱਢ ਮਾਰਦੇ ਹਨ।

ਸਾਨੂੰ ਦੱਸਿਆ ਜਾਂਦਾ ਹੈ ਕਿ ਮੁਖ ਕਰਕੇ ਸਭਿਆਚਾਰਕ, ਫੌਜੀ, ਮਨੋਵਿਗਿਆਨੀ, ਸਮਾਜਿਕ, ਰਾਜਸੀ, ਆਰਥਿਕ, ਆਤਮਿਕ, ਅਤੇ ਭੌਤਿਕ ਕਾਰਨਾਂ ਕਰਕੇ ਗੁਰੂ ਗੋਬਿੰਦ ਸਿੰਘ ਜੀ ਨੇ ਸਿੱਖਾਂ ਨੂੰ ਪੰਜ ਕਕਾਰਾਂ ਦੀ ਬਖ਼ਸ਼ਿਸ਼ ਕੀਤੀ। ਜੇ ਮੈਂ ਇਕ ਵਰਗ ਦਾ ਸਪਸ਼ਟੀਕਰਣ ਅਪਣਾ ਲਵਾਂ, ਤਾਂ ਦੂਸਰਾ ਪਹਿਲੇ ਦੀ ਤਰਦੀਦ ਕਰ ਦਿੰਦਾ ਹੈ। ਮੈਂ ਇਕੱਲਾ ਹੀ ਇਨ੍ਹਾਂ ਇਤਿਹਾਸਕ ਚਿੱਤਰਾਂ ਤੋਂ ਨਿਰਾਸ਼ ਨਹੀਂ, ਹਜ਼ਾਰਾਂ ਸਿੱਖਾਂ ਦਾ ਇਹੀ ਹਾਲ ਹੈ। ਮੈਂ ਉਨ੍ਹਾਂ ਦੀ ਨਿਰਾਸ਼ਾ ਦਾ ਹੱਲ ਨਹੀਂ ਲਿਖ ਸਕਦਾ। ਤਸਵੀਰ ਚੰਗੀ ਤਰ੍ਹਾਂ ਨਿੱਖਰ ਕੇ ਸਾਹਮਣੇ ਆ ਸਕਦੀ ਹੈ, ਜੇ ਅਸੀਂ ਇੱਕ ਇੱਕ ਕਰਕੇ ਇਨ੍ਹਾਂ ਚਿੰਨ੍ਹਾਂ ਦੀ ਮਹੱਤਤਾ ਨੂੰ ਪਹਿਚਾਣੀਏ।

ਕੇਸ:

ਸਮਕਾਲੀ ਰਚਨਾਵਾਂ 'ਚ ਇਨ੍ਹਾਂ ਦੀ ਮਹੱਤਤਾ ਬਾਰੇ ਬਾਈਬਲ 'ਚੋਂ ਸ਼ੈਮਸਨ ਤੇ ਡੇਲੀਆ ਦੀ ਕਹਾਣੀ ਦਾ ਵੇਰਵਾ ਪਾਇਆ ਜਾਂਦਾ ਹੈ, ਜਿਸ ਵਿੱਚ ਕੇਸ ਨਾ ਕਟਵਾਉਣ ਦੇ

ਨੇਕ ਪੱਖ ਦੀ ਪੁਸ਼ਟੀ ਕੀਤੀ ਜਾਂਦੀ ਹੈ। ਇਹੋ ਜਿਹੀਆਂ ਹੋਰ ਉਦਾਹਰਨਾਂ ਹਿੰਦੂਮੱਤ 'ਚੋਂ ਵੀ ਦਿੱਤੀਆਂ ਜਾਂਦੀਆਂ ਹਨ। ਹਿੰਦੂ ਕੋਡ ਚਲਾਨ ਵਾਲਾ ਮੈਨੂੰ ਕਹਿੰਦਾ ਹੈ : ਜਦੋਂ ਆਦਮੀ ਗੁੱਸੇ ਵਿਚ ਵੀ ਹੋਵੇ ਉਸਨੂੰ ਦੂਜੇ ਨੂੰ ਕੇਸਾਂ ਤੋਂ ਨਹੀਂ ਪਕੜਨਾ ਚਾਹੀਦਾ । ਜਦ ਕੋਈ ਬ੍ਰਾਹਮਣ ਵਧੀਕੀ (ਅਪਰਾਧ) ਕਰੇ, ਜਿਸ ਕਰਕੇ ਦੂਜੀਆਂ ਜ਼ਾਤਾਂ ਦੇ ਲੋਕਾਂ ਨੂੰ ਮੌਤ ਦੀ ਸਜ਼ਾ ਮਿਲਦੀ ਹੈ। ਉਸ ਦੇ ਕੇਸਾਂ ਦਾ ਕਤਲ ਹੀ ਕਾਫ਼ੀ ਸਜ਼ਾ ਹੈ।

ਕੇਸ ਰੱਖਣਾ ਕੁਦਰਤ ਨਾਲ ਸੁਰਤਾਲ ਹੋ ਕੇ ਜਿਉਂਣ ਦਾ ਪ੍ਰਤੀਕ ਹੈ। ਕੇਸ ਕਟਵਾਣਾ ਕੇਸਾਂ ਦੇ ਪ੍ਰਫੁੱਲਤ ਹੋਣ ਦੇ ਕੁਦਰਤੀ ਨਿਯਮ 'ਚ ਦਖ਼ਲ-ਅੰਦਾਜ਼ੀ ਹੈ।

ਪੰਜਾਬ ਦੀ ਇਕ ਮੁੱਖ ਯੂਨੀਵਰਸਿਟੀ ਵਿੱਚ ਸਿੱਖ ਮੱਤ ਤੇ ਹੋਈ ਖ਼ੋਜ ਸਬੰਧੀ ਪੁਸਤਕ ਵਿੱਚ ਇਸ ਗੱਲ 'ਤੇ ਜ਼ੋਰ ਦਿਤਾ ਗਿਆ ਹੈ ਕਿ ਕੇਸ ਰੱਖਣਾ ਸਿੱਖ ਰਹਿਤ ਮਰਿਯਾਦਾ ਦਾ ਅੰਗ ਹੈ, ਜੋ ਜੀਵਨ ਦਾ ਹੁੰਗਾਰਾ ਭਰਦਾ ਹੈ।

ਹਿੰਦੂ ਸੰਨਿਆਸੀਆਂ ਤੇ ਜੋਗੀਆਂ, ਜੋ ਆਪਣੇ ਕੇਸ ਕੱਟ ਕੇ "ਹਮ ਨਹੀਂ ਕਿਸੀ ਕੇ ਹਮਰਾ ਨਹੀਂ ਕੋਇ " ਦੇ ਧਰਮ ਨੂੰ ਦ੍ਰਿੜ ਕਰਦੇ ਹਨ, ਦੇ ਮੁਕਾਬਲੇ ਇਹ ਸਮਾਜਿਕ ਅਤੇ ਦੁਨਿਆਵੀ ਜ਼ਿੰਦਗੀ ਨਾਲ ਪੀਡੀ ਗੰਢ ਦਾ ਪ੍ਰਤੀਕ ਹੈ। ਸਿੱਖ ਅਤੇ ਦੂਜੇ ਬੰਦੇ ਸੰਸਾਰ ਦੀ ਹੋਂਦ ਮੰਨਣ ਵਾਲੇ ਲੰਬੇ ਕੇਸ ਰਖਦੇ ਸਨ, ਜਦ ਕਿ ਸੰਨਿਆਸੀ ਸਿਰ ਦਾੜ੍ਹੀ ਤੇ ਮੁੱਛਾਂ ਵਿਰੱਕਤ ਜੀਵਨ 'ਚ ਪ੍ਰਵੇਸ਼ ਹੋਣ ਤੋਂ ਪਹਿਲਾਂ ਹੀ ਮੁੰਨ ਦਿੰਦੇ ਸਨ।

ਕੇਸਾਂ ਦਾ ਕੱਟਣਾ ਸਮਾਜੀ ਮੌਤ ਸਮਝੀ ਜਾਂਦੀ ਸੀ, ਦੂਜੇ ਪਾਸੇ ਸਿੱਖ ਇਸ ਨੂੰ ਜੱਗ ਸੱਚੇ ਦੀ ਕੋਠੜੀ ਖ਼ਿਆਲ ਕਰਦੇ ਤੇ ਮੁਕਤੀ ਲਈ ਰਣ ਭੂਮੀ ਸਮਝਦੇ : ਕੇਸ ਨਾ ਕਟਵਾਣ ਦਾ ਭਾਵ ਇਸ ਪੁਸਤਕ ਮੁਤਾਬਿਕ ਇਹ ਹੋਇਆ "ਤਿਆਗ ਦਾ ਪੂਰਣ ਪ੍ਰੀ-ਤਿਆਗ ।"

ਕਈ ਲੇਖ ਕੇਸ ਦੇ ਸਰੀਰ ਦਾ ਜਿਉਂਦਾ ਹਿੱਸਾ ਹੋਣ 'ਤੇ ਜ਼ੋਰ ਦਿੰਦੇ ਹਨ ਅਤੇ ਕੇਸਾਂ ਦੇ ਕੱਟਣ ਨੂੰ ਸਰੀਰ ਦੀ ਸ਼ਕਤੀ ਨੂੰ ਨਸ਼ਟ ਕਰਨਾ ਸਮਝਦੇ ਹਨ। ਕੇਸਾਂ ਦੀ ਬ੍ਰਹਿਮੰਡ ਦੀ ਸ਼ਕਤੀ ਦਾ ਸੂਰਜ ਨਾਲ ਸਬੰਧ ਦਰਸਾਇਆ ਜਾਂਦਾ ਹੈ। ਇਕ ਲਿਖਾਰੀ ਸੀ.ਜੀ. ਜੰਗ ਦਾ ਹਵਾਲਾ ਦਿੰਦਿਆ ਦਾਅਵਾ ਕਰਦਾ ਹੈ ਕਿ ਗੁਰੂ ਜੀ ਬਹੁਤ ਵੱਡੇ ਮਨੋਵਿਗਿਆਨੀ ਸਨ ਅਤੇ ਉਨ੍ਹਾਂ ਸਿੱਖਾਂ ਨੂੰ ਇਸ ਲਈ ਕੇਸ ਰੱਖਣ ਲਈ ਕਿਹਾ, ਤਾਂ ਕਿ ਮਰਦਾਊ ਪੁਣਾ ਕਾਇਮ ਰਹੇ, ਜਿਸ ਤੋਂ ਆਦਮੀ ਕਈ ਵਾਰ ਭਟਕ ਜਾਂਦਾ ਹੈ।

ਨੌਜੁਆਨਾਂ ਦੀ ਤਸੱਲੀ ਲਈ ਕਈ ਪ੍ਰਭਾਵਸ਼ਾਲੀ ਬੁਲਾਰੇ ਬਿਨਾਂ ਕਿਸੇ ਠੋਸ ਸਬੂਤ ਦੇਣ ਦੇ ਕੇਸਾਂ ਨੂੰ ਵਿਗਿਆਨਕ ਤੌਰ 'ਤੇ [illegible]
[illegible] ਪਰ ਮੈਨੂੰ ਮੇਰੇ ਜ਼ਖ਼ਮਾਂ ਲਈ ਦਵਾਈ [illegible]

ਮਰਦਾਨਗੀ ਅਣਖ, ਤਾਕਤ ਅਤੇ ਚੜ੍ਹਦੀ ਕਲਾ ਆਦਿ ਦਾ ਪ੍ਰਤੀਕ ਮੰਨਦੇ ਹਨ।

ਕੰਘਾ :

ਕੇਸਾਂ ਨੂੰ ਸਾਫ਼-ਸੁਥਰਾ ਰੱਖਣ ਲਈ ਕੰਘਾ ਉਪਜੋਗੀ ਹੈ। ਇਹ ਮਨ ਨੂੰ ਕਾਬੂ ਰੱਖਣ ਦਾ ਵੀ ਪ੍ਰਤੀਕ ਹੈ। ਕਲਪਣਾ ਦੀ ਉਡਾਰੀ 'ਚ ਇਕ ਲੇਖਕ ਕਲਕੱਤੇ ਦੇ ਰਸਾਲੇ 'ਚ ਲਿਖਦਾ ਹੈ, ਕੰਘਾ ਪਹਿਨਣ 'ਤੇ ਸਿੱਖ ਨੂੰ ਆਪਣਾ ਮਨ ਕਾਬੂ 'ਚ ਰਖਣ ਦੀ ਚਿਤਾਵਨੀ ਮਿਲਣੀ ਚਾਹੀਦੀ ਹੈ। ਉਸ ਦੇ ਖ਼ਿਆਲ ਐਵੇਂ ਹੀ ਨਾ ਉੱਡੇ ਫਿਰਨ, ਉਸ ਦਾ ਮਨ ਭੈ 'ਚ ਅਤੇ ਮਰਿਯਾਦਾ ਯੁਕਤ ਅਨੁਸ਼ਾਸਨ 'ਚ ਰਹਿਣਾ ਚਾਹੀਦਾ ਹੈ। ਕੰਘਾ ਹੱਦੋਂ ਵੱਧ ਗੁਸੇ ਜਾਂ ਮੌਤ 'ਤੇ ਬੰਧਕ ਹੈ (ਇਹ ਨਹੀਂ ਪਤਾ ਕਿਵੇਂ) ਕਈ ਲੇਖਕ ਇਕ ਸਤਰ 'ਚ ਹੀ ਕੰਮ ਨਿਬੇੜ ਦਿੰਦੇ ਹਨ, ਕਿ ਇਹ ਲੰਬੇ ਵਾਲਾਂ ਨਾਲ ਹੀ ਜੁੜਿਆ ਹੈ।

ਕੱਛਾ :

ਕੱਛੇ ਦੀ ਕਹਾਣੀ ਹੋਰ ਵੀ ਦਿਲਚਸਪ ਹੈ। ਭਾਰਤ ਸਰਕਾਰ ਦੀ ਸਰਪ੍ਰਸਤੀ ਹੇਠ ਛਪੀ ਪੁਸਤਕ ਦਾ ਉੱਘਾ ਲੇਖਕ ਲਿਖਦਾ ਹੈ ਕਿ ਪਹਿਲਾਂ ਪਹਿਨੀ ਜਾਂਦੀ ਅਣਸੀਤੀ ਧੋਤੀ ਦੇ ਮੁਕਾਬਲੇ ਫ਼ੁਰਤੀਲਾ ਲਿਬਾਸ ਹੈ। ਅਜੀਬ ਹੈ ਕਿ ਗੁਰੂ ਸਾਹਿਬ ਦੇ ਦਿਲ ਦੀਆਂ ਜਾਨਣ ਵਾਲੇ ਦਾਅਵਾ ਕਰਦੇ ਹਨ ਕਿ ਖੁੱਲ੍ਹੀ ਧੋਤੀ ਗੁਰੂ ਜੀ ਲਈ ਬੇਲਗਾਮ ਮਨ ਦੀ ਪ੍ਰਤੀਕ ਸੀ, ਸਿੱਖਾਂ ਨੂੰ ਕੱਛੇ ਪਹਿਨਾਣ ਦਾ ਭਾਵ ਸੀ, ਪ੍ਰਚਲਿਤ ਲਿਬਾਸ ਅਤੇ ਵਿਚਾਰਾਂ ਤੋਂ ਆਤਮਿਕ ਤੇ ਮਾਨਸਿਕ ਸਬੰਧ ਤੋੜਨਾ। 'ਮਨ ਨੂੰ ਵਹਿਮਾਂ ਦੇ ਬੰਧਨਾਂ ਤੋਂ ਮੁਕਤ ਕਰਵਾਣ ਅਤੇ ਲੋਕਾਂ ਨੂੰ ਕੱਚੇ-ਪਿੱਲੇ ਅਤੇ ਜ਼ਨਾਨਾ ਸਲਾਮਾਂ ਤੋਂ ਛੁਟਕਾਰਾ ਦਿਵਾਉਣਾ ਜ਼ਰੂਰੀ ਸੀ, ਹੁਣ ਉਨ੍ਹਾਂ ਸਿਆਣੇ, ਤਕੜੇ ਤੇ ਫ਼ੁਰਤੀਲੇ ਸੈਨਿਕ ਬਣਨਾ ਸੀ। ਸਿੱਖ ਬੀਬੀਆਂ ਲਈ ਵੀ ਕੱਛੇ ਦਾ ਇਹੀ ਮਤਲਬ ਸੀ, ਉਨ੍ਹਾਂ 'ਚ ਵੀ ਸਿੱਖ ਮਰਦਾਂ ਵਾਲੇ ਗੁਣ ਪੈਦਾ ਕਰਨੇ ਸਨ । (ਮੈਨੂੰ ਸਮਝ ਨਹੀਂ ਆਉਂਦੀ ਕਿ ਇਹੋ ਜਿਹੇ ਗੁਣ ਪੈਦਾ ਕਰਨ ਲਈ ਕਛਹਿਰਾ ਹੀ ਜ਼ਰੂਰੀ ਸੀ ? ਕੱਛੇ ਨੂੰ ਮਾਰੂ ਕਾਮੁਕ ਰੁਚੀਆਂ 'ਤੇ ਕਾਬੂ ਪਾਉਣ ਦਾ ਪ੍ਰਤੀਕ ਵੀ ਖ਼ਿਆਲ ਕੀਤਾ ਜਾਂਦਾ ਹੈ।

ਕ੍ਰਿਪਾਨ :

ਕ੍ਰਿਪਾਨ ਵੀ ਸ਼ਾਹੀ ਰੋਹਬ-ਦਾਬ ਅਤੇ ਜ਼ੁਲਮ ਤੇ ਗੁਲਾਮੀ ਤੋਂ ਛੁਟਕਾਰੇ ਦਾ ਚਿੰਨ੍ਹ ਹੈ। ਜ਼ਾਹਰਾ ਰੂਪ 'ਚ ਇਸ ਦਾ ਭਾਵ ਆਤਮ ਰੱਖਿਆ ਹੈ ਅਤੇ ਸ਼ਸਤਰ ਪਹਿਨਣ ਦੇ ਹੱਕ ਵਿੱਚ ਮਨੁੱਖ ਦੀ ਆਜ਼ਾਦੀ ਦੇ ਸਵੈਮਾਣ ਦਾ ਪ੍ਰਤੀਕ ਇਹ ਕਿਹਾ ਜਾਂਦਾ ਹੈ ਕਿ ਤਲਵਾਰ ਪਾਪ ਅਤੇ ਸੰਸਾਰਕ ਮੋਹ ਨੂੰ ਸੰਘਾਰਦੀ ਹੈ ਅਤੇ ਉਸਦਾ ਪੂਰੀ ਤਰ੍ਹਾਂ ਦਮਨ ਕਰਦੀ ਹੈ। ਪਹਿਲੀ ਮਹੱਤਤਾ ਆਤਮ ਰੱਖਿਆ ਨੂੰ ਦਿੱਤੀ ਜਾਂਦੀ ਹੈ, ਨਾਲ ਹੀ ਇਹ ਵੀ ਚਿਤਾਵਨੀ ਦਿੱਤੀ ਜਾਂਦੀ ਹੈ ਕਿ

ਟੌਹਰ ਲਈ ਨਹੀਂ, ਆਪਣੀ ਰਾਖੀ ਲਈ ਹੈ।

ਕੜਾ :

ਇੱਕ ਸਿੱਖ ਪੱਤਰਕਾਰ ਆਪਣੇ ਇੱਕ ਬਿਰਤਾਂਤ ਵਿੱਚ ਲਿਖਦਾ ਹੈ ਕਿ ਕੜਾ ਨਿਮਰਤਾ ਤੇ ਖਿੱਚ ਦਾ ਪ੍ਰਤੀਕ ਹੈ। ਇਹ ਯੁੱਧ 'ਚ ਕੁੱਦਣ ਤੋਂ ਪਹਿਲਾਂ ਪਹਿਨਿਆ ਜਾਂਦਾ ਹੈ। ਦੂਜੇ ਪਾਸੇ ਇੱਕ ਉੱਘੇ ਇਤਿਹਾਸਕਾਰ ਦਾ ਖ਼ਿਆਲ ਹੈ ਕਿ ਇਕ ਨਵੇਂ ਧਰਮ ਦੀ ਵਿਸ਼ਵ-ਵਿਆਪਤਾ ਦਾ ਪ੍ਰਤੀਕ ਹੈ। ਹੋਰ ਮਨ ਨੂੰ ਟੁੰਬਣ ਵਾਲੀਆਂ ਦਲੀਲਾਂ 'ਚ ਇਕ ਇਹ ਵੀ ਦਲੀਲ ਦਿੱਤੀ ਜਾਂਦੀ ਹੈ ਕਿ ਪੂਰਣ ਅਟੁੱਟ ਚੱਕਰ,ਬੁੱਧ ਦੇ ਜੀਵਨ ਚੱਕਰ ਨਾਲ ਮੇਲ ਖਾਂਦਾ ਹੈ।

ਜੀਵਨ ਜੋਤ ਸਦਾ ਬਹਾਰ ਹੈ ਅਤੇ ਸਮੇਂ ਤੇ ਸਥਾਨ ਤੋਂ ਮੁਕਤ ਹੈ ਅਤੇ ਕੜਾ ਇਸ ਸਦੀਵੀਂ ਹੋਂਦ ਦਾ ਢੁਕਵਾਂ ਪ੍ਰਤੀਕ ਹੈ। ਇਹ ਵੀ ਸਿੱਖਿਆ ਦਿੱਤੀ ਜਾਂਦੀ ਹੈ ਕਿ ਮਨੁੱਖੀ ਆਤਮਾ ਲੋਹੇ ਦੇ ਕੜੇ ਜਿਤਨੀ ਬਲਵਾਨ ਚਾਹੀਦੀ ਹੈ, ਜਿਸ ਨੂੰ ਭੱਠੀ 'ਚ ਢਾਲਿਆ ਗਿਆ ਹੈ। ਇਕ ਦਿਨ ਭਾਈ ਜੀ ਗੁਰਦੁਆਰੇ ਵਿੱਚ ਰਟ ਲਾਈ ਜਾਂਦਾ ਸੀ ਕਿ ਗੁਰੂ ਸਾਹਿਬ ਦੀ ਕਾਬਲੀਅਤ ਦਾ ਪਤਾ ਇਸ ਗੱਲ ਤੋਂ ਲੱਗਦਾ ਹੈ ਕਿ ਉਨ੍ਹਾਂ ਸਾਨੂੰ ਅਸਮਾਨੀ ਬਿਜਲੀ ਤੋਂ ਬਚਣ ਲਈ ਕੜਾ ਦਿੱਤਾ। ਇਕ ਜਗਿਆਸੂ ਪੰਜ ਕਕਾਰਾਂ ਦੀ ਮਹੱਤਤਾ 'ਤੇ ਬੋਲਦਿਆਂ ਕਹਿ ਰਿਹਾ ਸੀ, ਕਿ ਕੜਾ ਮੈਦਾਨੇ-ਜੰਗ 'ਚ ਬਾਹਾਂ ਨੂੰ ਤਲਵਾਰ ਦੇ ਫੱਟਾਂ ਤੋਂ ਬਚਾਣ ਲਈ ਪਹਿਨਿਆ ਜਾਂਦਾ ਹੈ। ਉਸਦੇ ਕਹਿਣ ਅਨੁਸਾਰ ਇਹ ਬਾਹਾਂ ਲਈ ਵਧੀਆ ਢਾਲ ਹਨ।

ਪੰਜ ਕਕਾਰਾਂ ਬਾਰੇ ਹਰ ਕੋਈ ਮਨਮਰਜ਼ੀ ਦਾ ਸਪਸ਼ਟੀਕਰਨ ਦਿੰਦਾ ਹੈ । ਸ਼ੋਅਰੂਮ 'ਚ ਪਏ ਪਜਾਮੇ ਵਾਂਗ ਫਿੱਟ ਕਰ ਛੱਡਦਾ ਹੈ। ਜੋ ਅਜੇ ਵੀ ਲੋਕ ਇਹ ਸੋਚਦੇ ਹਨ, ਉਨ੍ਹਾਂ ਨੂੰ ਇਨ੍ਹਾਂ 'ਚੋਂ ਕੁਝ ਵੀ ਪਸੰਦ ਨਹੀਂ, ਹੋਰ ਖੁੱਲ੍ਹ ਚਾਹੀਦੀ ਹੈ ਤਾਂ ਅਲੋਕਾਰੀ ਗੱਲ ਨਹੀਂ। ਇਸ ਲਈ ਉਹ ਇਨ੍ਹਾਂ ਨੂੰ ਰੱਦ ਕਰ ਦਿੰਦੇ ਹਨ।

ਜੇ ਮੈਂ ਇਹ ਸਮਝਾਂ ਕਿ ਤਲਵਾਰ ਸਵੈਰੱਖਿਆ ਲਈ ਹੈ। ਕੀ ਮੈਂ ਇਸ ਨੂੰ ਛੱਡ ਸਕਦਾ ਹਾਂ,ਜੇ ਮੇਰੀ ਜਾਨ ਦੀ ਰਾਖੀ ਲਈ ਨਵੇਂ ਹਥਿਆਰਾਂ ਨਾਲ ਲੈਸ 20 ਅੰਗ ਰੱਖਿਅਕ ਹੋਣ ਅਤੇ ਫੇਰ ਜੇ ਕੋਈ ਇਹ ਕਹੇ ਕਿ ਕਿਰਪਾਨ ਰਾਖੀ ਲਈ ਹੀ ਹੈ, ਜਿਵੇਂ ਕਿ ਇਤਿਹਾਸਕਾਰ ਸਾਨੂੰ ਦੱਸਦੇ ਹਨ। ਫਿਰ ਵੀ ਉਹ ਇਹ ਦਲੀਲ ਦੇ ਸਕਦਾ ਹੈ ਕਿ ਉਸਨੂੰ ਇਸ ਤੋਂ ਛੋਟ ਹੋਣੀ ਚਾਹੀਦੀ ਹੈ, ਕਿਉਂਕਿ ਉਹ ਮਹਿਸੂਸ ਕਰਦਾ ਹੈ ਕਿ ਸਰਕਾਰ ਨੇ ਉਸਦੀ ਹਿਫ਼ਾਜ਼ਤ ਲਈ ਯੋਗ ਪ੍ਰਬੰਧ ਕਰ ਰੱਖੇ ਹਨ।

ਪਿਤਾ ਜੀ ਮੈਨੂੰ ਤਾਂ ਇਨ੍ਹਾਂ ਦੀ ਕਦਰ ਕੀਮਤ, ਵਾਜਬਤਾ ਅਤੇ ਇਸ ਵਾਧੂ ਭਾਰ ਦੀ ਉੱਕਾ ਸਮਝ ਨਹੀਂ ਆਉਂਦੀ। ਮੈਨੂੰ ਦੁਖ ਬਹੁਤ ਹੈ, ਪਰ ਮੈਨੂੰ ਮੇਰੇ ਜ਼ਖ਼ਮਾਂ ਲਈ ਦਵਾਈ ਕੋਈ ਨਹੀਂ ਮਿਲ ਰਹੀ । ਜੋ ਇਲਾਜ ਦੱਸੇ ਗਏ ਹਨ, ਉਨ੍ਹਾਂ ਨੇ ਬੀਮਾਰੀ ਹੋਰ ਵਧਾ ਦਿੱਤੀ ਹੈ। ਇਨ੍ਹਾਂ

ਚਿੰਨ੍ਹਾਂ ਦੇ ਵੱਖ-ਵੱਖ ਦਿੱਤੇ ਸਪਸ਼ਟੀਕਰਨ ਮੇਰੇ ਸਰੀਰ 'ਚ ਸੂਈਆਂ ਵਾਂਗ ਚੁੱਭ ਰਹੇ ਹਨ। ਕਿਤਾਬਾਂ, ਭਾਈ ਜੀ, ਰਮਕਦੇ-ਲਿਸ਼ਕਦੇ ਰਸਾਲੇ, ਕਹਿੰਦੇ ਕਹਾਉਂਦੇ ਬੁਲਾਰੇ, ਮੈਨੂੰ ਕੋਈ ਵੀ ਸੰਤੁਸ਼ਟ ਨਹੀਂ ਕਰ ਸਕਿਆ ਅਤੇ ਮੈਂ ਤੁਹਾਡਾ ਬੂਹਾ ਮੱਲਿਆ ਹੈ। ਇਸ ਲਈ ਹੀ ਨਹੀਂ ਕਿ ਤੁਸੀਂ ਮੇਰੇ ਪਿਤਾ ਹੋ, ਪਰੰਤੂ ਇਸ ਲਈ ਵੀ ਕਿ ਤੁਸੀਂ ਸਿੱਖੀ ਜੀਵਨ ਨਾਲ ਪੂਰੀ ਤਰ੍ਹਾਂ ਓਤਪੋਤ ਹੋ।

ਮੈਂ ਸਮਝਦਾ ਹਾਂ ਕਿ ਇਨ੍ਹਾਂ ਦੀ ਮਹਾਨਤਾ ਦੀ ਤਹਿ ਤੱਕ ਜਾਣਾ ਬੜਾ ਔਖਾ ਤੇ ਬਿੱਖੜਾ ਪੈਂਡਾ ਹੈ, ਪਰੰਤੂ ਮੈਂ ਮੈਦਾਨ 'ਚ ਕੁੱਦਣ ਲਈ ਅਤੇ ਇਹ ਵੰਗਾਰ ਕਬੂਲਣ ਲਈ ਤੱਤਪਰ ਹੀ ਨਹੀਂ, ਵਚਨਬੱਧ ਵੀ ਹੋਵਾਂਗਾ, ਜੇ ਤੁਸੀਂ ਇਨ੍ਹਾਂ ਚਿੰਨ੍ਹਾਂ ਦੀ ਮਹੱਤਤਾ ਮੇਰੇ ਖਾਨੇ ਬਿਠਾ ਦੇਵੋ। ਮੈਂ ਅਨੰਦਪੁਰ ਸਾਹਿਬ ਜਾ ਕੇ ਅੰਮ੍ਰਿਤ ਪਾਨ ਕਰਨ ਵਿਚ ਕੋਈ ਢਿੱਲ ਨਹੀਂ ਦਿਖਾਵਾਂਗਾ। ਅਸੀਂ ਆਪਣੇ ਕਾਲਜ 'ਚ ਵੀ 'ਗੁਰੂ ਗੋਬਿੰਦ ਸਿੰਘ ਸਟੱਡੀ ਸਰਕਲ' ਦਾ ਯੂਨਿਟ ਕਾਇਮ ਕਰ ਲਿਆ ਹੈ ਅਤੇ ਮੈਂ ਇਹ ਸਾਰੇ ਸਪਸ਼ਟੀਕਰਨ ਆਪਣੇ ਸਾਥੀਆਂ ਅੱਗੇ ਰਖਾਂਗਾ।

ਭਰਪੂਰ ਪ੍ਰੇਮ ਸਹਿਤ...

ਆਪ ਜੀ ਦਾ ਪਿਆਰਾ ਸਪੁੱਤਰ,

ਜਸਕੀਰਤ ਸਿੰਘ

---

## ਪਿਤਾ ਦਾ ਪੱਤਰ ਜਸਕੀਰਤ ਸਿੰਘ ਵੱਲ

ਗਿਆਨੀ ਸਰੂਪ ਸਿੰਘ ਕੰਗਿਆਲਾ
ਪ੍ਰਚਾਰਕ
ਢਾਡੀ ਜਥਾ
98150-03075
ਪਿੰਡ ਕੰਗਿਆਲਾ ਤਹਿ: ਫਿਲੌਰ (ਜਲੰਧਰ)

ਕਾਰਨੈਲ ਯੂਨੀਵਰਸਿਟੀ,
ਨਿਊਯਾਰਕ, ਯੂ.ਐਸ.ਏ.

ਲਾਡਲੇ ਜਸਕੀਰਤ,

ਸਤਿ ਸ੍ਰੀ ਅਕਾਲ।

ਮੇਰੇ 'ਚ ਡੂੰਘੇ ਵਿਸ਼ਵਾਸ ਅਤੇ ਪਿਆਰ ਲਈ ਧੰਨਵਾਦੀ ਹਾਂ, ਤੇਰਾ ਪੱਤਰ ਪੜ੍ਹ ਕੇ ਹਮੇਸ਼ਾ ਹੀ ਖ਼ੁਸ਼ੀ ਹੁੰਦੀ ਹੈ ਕਿਉਂਕਿ ਉਹ ਸੱਚ ਦੇ ਖੋਜੀ ਦੀ ਭਾਵੁਕਤਾ ਦੀ ਮੂੰਹ ਬੋਲਦੀ

ਤਸਵੀਰ ਹੁੰਦੇ ਹਨ। ਮੈਨੂੰ ਬੜੀ ਖ਼ੁਸ਼ੀ ਹੈ ਕਿ ਤੂੰ ਹੌਂਸਲੇ ਤੇ ਦਲੇਰੀ ਨਾਲ ਉਹ ਗੱਲਾਂ ਕਹੀਆਂ ਹਨ, ਜੋ ਤੇਰੇ ਮਨ ਨੂੰ ਦੁਖਾ ਰਹੀਆਂ ਸਨ। ਮੈਂ ਦੋ ਸਾਲ ਤੋਂ ਤੇਰੇ ਮਨ ਦੇ ਮਨਸੂਬਿਆਂ ਨੂੰ ਦੇਖ ਰਿਹਾ ਸਾਂ, ਪਰੰਤੂ ਇਸ ਦਾ ਸਿੱਧੇ ਤੌਰ 'ਤੇ ਸਾਹਮਣਾ ਨਹੀਂ ਸੀ ਕੀਤਾ, ਜਦ ਤੱਕ ਤੂੰ ਇਹ ਪੱਤਰ ਨਹੀਂ ਸੀ ਲਿਖ ਮਾਰਿਆ।

ਇਹ ਖ਼ਰੀਆਂ-ਖ਼ਰੀਆਂ ਗੱਲਾਂ ਸੁਣ ਕੇ ਪ੍ਰਸੰਨਤਾ ਹੋਈ ਹੈ ਅਤੇ ਮੈਨੂੰ ਆਸ ਹੈ ਕਿ ਮੈਂ ਸਮਝ ਕੇ ਤੇਰੇ ਅਸ਼ਾਂਤ ਮਨ ਨੂੰ ਠੰਡ ਪਹੁੰਚਾਵਾਂਗਾ। ਜਦ ਤੁਸੀਂ ਯੂਨੀਵਰਸਿਟੀ ਦੀ ਵਿੱਦਿਆ ਹਾਸਲ ਕਰਕੇ ਦੁਨੀਆਂ 'ਚ ਵਿਚਰਦੇ ਹੋ, ਮੈਨੂੰ ਲਗਦਾ ਹੈ ਕਿ ਜ਼ਿੰਦਗੀ ਦਾ ਦੋ ਟੁਕ ਫ਼ੈਸਲਾ ਹੈ, ਹਾਰ ਨਾ ਮੰਨਣਾ ਅਤੇ ਕਿਸੇ ਕਿਸਮ ਦੇ ਦਬਾਅ ਹੇਠ ਨਾ ਝੁਕਣਾ, ਸਗੋਂ ਮਹਾਨ ਅੰਦਰੂਨੀ ਸ਼ਕਤੀ ਨਾਲ ਅਸਲੀਅਤ ਸਮਝਣਾ, ਤਾਂ ਕਿ ਇਹ ਦਬਾਅ ਤੁਹਾਡੇ ਜੀਵਨ 'ਚ ਝੰਜਟ ਨਾ ਖੜ੍ਹੇ ਕਰ ਦੇਣ। ਤੁਹਾਨੂੰ ਜੋ ਕੁਝ ਦਿੱਤਾ ਜਾਂਦਾ ਹੈ, ਤੁਸੀਂ ਉਸ ਨੂੰ ਕਿੰਤੂ ਕਰ ਸਕਦੇ ਹੋ,ਤਾਂ ਤੁਹਾਡੀ ਉਮਰ ਦੇ ਕਈ ਸੋਚਦੇ ਹਨ ਕਿ ਤੁਹਾਡੇ 'ਤੇ ਮੜ੍ਹਿਆ ਜਾਂਦਾ ਹੈ, ਪਰ ਇਸ ਦਾ ਮਤਲਬ ਇਹ ਵੀ ਹੈ ਕਿ ਤੁਸੀਂ ਆਪਣੇ ਆਪ 'ਤੇ ਸਵਾਲ ਕਰੋ।

ਤੁਹਾਨੂੰ ਸਿਰਫ਼ ਇਹ ਹੀ ਸਵਾਲ ਨਹੀਂ ਉਠਾਉਣਾ ਚਾਹੀਦਾ, ਜਿਸਨੂੰ ਤੁਸੀਂ ਆਪਣੀ ਜ਼ਿੰਦਗੀ ਦੀ ਕੀਮਤ, ਲੋੜ ਤੇ ਮਹੱਤਤਾ ਕਹਿੰਦੇ ਹੋ। ਇਹ ਤਾਂ ਇਕ ਮਨ ਚਿੱਤ ਹੋ ਕੇ ਹੀ ਤੁਸੀਂ ਨਾ ਕੇਵਲ ਕ੍ਰਿਪਾਨ, ਕੜਾ, ਕੰਘਾ, ਕੇਸ ਤੇ ਕੱਛੇ ਨੂੰ ਸਮਝ ਸਕੋਗੇ, ਸਗੋਂ ਜੀਵਨ ਦੇ ਦੁੱਖ ਸੁੱਖ,ਖੁਸ਼ੀ,ਗਮੀ, ਜ਼ਿੰਦਗੀ ਦੇ ਅਡੰਬਰ ਤੇ ਆਸ ਨੂੰ ਭਲੀ-ਭਾਂਤ ਜਾਣ ਸਕੋਗੇ।

ਤੁਹਾਡੇ ਪੱਤਰ 'ਚ ਇਕ ਸ਼ਬਦ, ਜਿਹੜਾ ਤੁਹਾਡੇ 'ਤੇ ਬਹੁਤਾ ਹਾਵੀ ਹੈ ਅਤੇ ਇਕ ਖ਼ਿਆਲ ਜੋ ਤੁਹਾਨੂੰ ਡੱਕਰੀ ਫਿਰਦਾ ਹੈ, ਉਹ ਹੈ ਮਹੱਤਤਾ। ਬਾਰ–ਬਾਰ ਤੁਸੀਂ ਇਹ ਜਾਣਨਾ ਚਾਹੁੰਦੇ ਹੋ ਕਿ ਪੰਜਾਂ ਕੱਕਿਆਂ ਦੀ ਕੀ ਮਹੱਤਤਾ ਹੈ ? ਇਸ ਪਦਾਰਥਕ ਤੇ ਅੱਡਰੀ ਹੋਂਦ ਲਈ ਇਹ ਸਵਾਲ ਬੇਥਵਾ ਨਹੀਂ ?

ਅਸਲੀ ਮਨੁੱਖ ਬਨਣ ਦੀ ਕੋਸ਼ਿਸ਼ 'ਚ ਅਸੀਂ ਉਹੋ ਕੁਝ ਗ੍ਰਹਿਣ ਕਰਦੇ ਹਾਂ, ਜਿਸਦਾ ਕੋਈ ਲਾਭ ਮਹੱਤਤਾ ਹੈ। ਬਾਕੀ ਨੂੰ ਅਸੀਂ ਰੱਦ ਕਰਨਾ ਚਾਹੁੰਦੇ ਹਾਂ ਹਰੇਕ ਚੀਜ਼ 'ਚੋਂ ਉਸਦਾ ਮਹੱਤਵ ਲੱਭਣਾ, ਮੌਜੂਦਾ ਸਦੀ ਦਾ ਸਰਾਪ ਹੈ। ਇਹ ਆਪਣੇ ਆਪ ਨੂੰ ਬੰਦੀ ਬਨਾਉਣਾ, ਆਤਮ ਹੱਤਿਆ ਕਰਨੀ ਹੈ। ਜਿਸ ਤੋਂ ਜੀਵਨ ਲਈ ਭੈ ਉਪਜਦਾ ਹੈ।

ਸਾਰਾ ਸੰਸਾਰ ਹੀ ਤੁਹਾਡੇ ਮਿੱਤਰ ਸੰਬੰਧੀ, ਹਰ ਕੋਈ ਮਹੱਤਵਪੂਰਣ ਤੇ ਲਾਭਦਾਇਕ ਚੀਜ਼ਾਂ ਲਈ ਸੰਘਰਸ਼ ਕਰ ਰਿਹਾ ਹੈ, ਪਰ ਜੋ ਚੀਜ਼ ਤੁਹਾਡੇ ਲਈ ਮਹੱਤਵਪੂਰਨ ਹੈ, ਹੋ ਸਕਦਾ ਹੈ ਉਹ ਤੁਹਾਡੇ ਮਿੱਤਰਾਂ ਲਈ ਐਸੀ ਨਾ ਹੋਵੇ। ਜੇ ਤੁਸੀਂ ਅਜੇਹੇ ਆਦਮੀ ਕੋਲ ਜਾਓ, ਜਿਸਦੀ ਸਿਹਤ ਠੀਕ ਨਹੀਂ, ਉਹ ਬਿਨਾਂ ਸ਼ੱਕ ਕਹੇਗਾ ਕਿ ਚੰਗੀ ਸਿਹਤ ਹੀ ਮਹੱਤਵ ਪੂਰਨ

ਹੈ। ਜੇ ਕਿਸੇ ਦੇ ਸਾਰੀ ਉਮਰ ਪੈਸਾ ਹੱਥ ਨਾ ਲੱਗਿਆ ਹੋਵੇ, ਉਹ ਕਹੇਗਾ ਪੈਸੇ ਵਰਗੀ ਕੋਈ ਚੀਜ਼ ਨਹੀਂ। ਮਾਂ ਤੋਂ ਪੁੱਛ ਕੇ ਵੇਖੋ ਤਾਂ ਕਹੇਗੀ ਕਿ ਪੁੱਤਰ ਵਰਗੀ ਕੋਈ ਸ਼ੈਅ ਨਹੀਂ। ਇਸੇ ਕਰਕੇ ਪੰਜਾਂ ਕਕਾਰਾਂ ਦੇ ਭਿੰਨ-ਭਿੰਨ ਸਪਸ਼ਟੀਕਰਨ ਮਿਲਦੇ ਹਨ। ਹਰ ਇਕ ਆਪਣੇ ਦ੍ਰਿਸ਼ਟੀ-ਕੋਣ ਤੋਂ ਦੇਖਦਾ ਹੈ।

ਪੰਜਾਂ ਕਕਾਰਾਂ ਬਾਰੇ ਪੁੱਛਣ ਲਈ ਪਹਿਲਾ ਕਦਮ ਇਹ ਹੋਣਾ ਚਾਹੀਦਾ ਹੈ ਕਿ ਤੁਸੀਂ ਇਸ ਮਹੱਤਤਾ ਦੀ ਪੰਜਾਲੀ ਨੂੰ ਗਲੋਂ ਲਾਹੋ। ਇਹ ਮਹੱਤਵ ਪਿਛੇ ਭੁਲੇਖਾ ਪਾਊ ਤਲਾਸ਼ ਹੈ। ਇਸਨੇ ਕਈ ਛੋਟਿਆਂ-ਵੱਡਿਆਂ ਦੇ ਕੇਸ ਕਤਲ ਕਰਵਾ ਦਿੱਤੇ ਹਨ। ਇਨ੍ਹਾਂ ਦੀ ਉਹ ਕੋਈ ਕੀਮਤ ਨਹੀਂ ਸਮਝਦੇ ।

ਅਫ਼ਸੋਸ ਦੀ ਗੱਲ ਹੈ ਕਿ ਅਸੀਂ ਗੁਰੂ ਗੋਬਿੰਦ ਸਿੰਘ ਸਾਹਿਬ ਨੂੰ ਆਪਣੇ ਦੁਨਿਆਵੀ ਪੱਧਰ 'ਤੇ ਲੈ ਆਂਦਾ ਹੈ ਅਤੇ ਉਨ੍ਹਾਂ ਦੇ ਸਭ ਕਾਰਨਾਮਿਆਂ ਨੂੰ ਗਵਾਰਾਂ ਵਾਂਗ ਅਮਲੀ ਪੱਖ ਦੀ ਰੌਸ਼ਨੀ 'ਚ ਪਰਖ਼ਦੇ ਹਾਂ । ਜੇ ਉਹ ਦੁਨੀਆਂ ਦੇ ਮੁਨਾਰਿਆਂ ਮਗਰ ਹੀ ਜਾਂਦੇ, ਤਾਂ ਔਰੰਗਜ਼ੇਬ ਵੱਲੋਂ ਪੇਸ਼ਕਸ਼ ਕਰਨ 'ਤੇ ਸੰਧੀ ਕਰ ਲੈਂਦੇ ।

ਸ਼ਿਵਾ ਜੀ ਨੇ ਇਕ ਵਾਰ ਅਜੇਹਾ ਕੀਤਾ ਸੀ, ਕਿਉਂਕਿ ਉਨ੍ਹਾਂ ਦਾ ਉਦੇਸ਼ ਹੀ ਵੱਖਰਾ ਸੀ। ਜੇ ਨੀਲੇ ਘੋੜੇ ਦੇ ਅਸਵਾਰ ਪੰਜ ਕਕਾਰਾਂ ਨੂੰ ਕਾਰ-ਵਿਹਾਰ ਦੇ ਨਜ਼ਰੀਏ ਤੋਂ ਦੇਖਦੇ, ਤਾਂ ਉਹ ਆਸਾਨੀ ਨਾਲ ਹੋਰ ਹਥਿਆਰ ਵੀ ਸ਼ਾਮਲ ਕਰ ਦਿੰਦੇ ਅਤੇ ਕ੍ਰਿਪਾਨ ਦੀ ਜਗ੍ਹਾ ਬੰਦੂਕ ਦਿੰਦੇ ਕਿਉਂਕਿ ਉਨ੍ਹਾਂ ਦਿਨਾਂ 'ਚ ਬੰਦੂਕਾਂ ਸਨ। ਬੰਦੂਕ ਆਪ ਦੀ ਰੱਖਿਆ ਅਤੇ ਲੜਾਈਆਂ ਵਾਸਤੇ ਵੀ ਵਧੇਰੇ ਯੋਗ ਸਾਬਤ ਹੁੰਦੀ ਹੈ, ਪਰੰਤੂ ਉਨ੍ਹਾਂ ਪਿਛੇ ਜੋ ਪ੍ਰੇਰਨਾ ਕੰਮ ਕਰ ਰਹੀ ਸੀ ਉਹ ਨਾ ਤਾਂ ਸਵੈ-ਰੱਖਿਆ ਲਈ ਹਥਿਆਰ ਦੀ ਤਲਾਸ਼ ਸੀ, ਨਾ ਇਸ ਦੀ ਵਿਹਾਰੀ ਕੀਮਤ ਦੀ, ਜਿਵੇਂ ਅਸੀਂ ਆਪਣੀ ਬੁਧੀ ਮੁਤਾਬਿਕ ਹੁਣ ਇਸ ਦਾ ਮਤਲਬ ਕੱਢਦੇ ਹਾਂ।

ਗੁਰੂ ਸਾਹਿਬ ਹਥਿਆਰਾਂ ਦੇ ਮਾਮਲੇ 'ਚ ਏਨੇ ਅਨਜਾਣ ਨਹੀਂ ਸਨ। ਜੇ ਉਹ ਇਨ੍ਹਾਂ ਕਕਾਰਾਂ ਨੂੰ ਲੜਾਈ ਦੇ ਹਥਿਆਰ ਹੀ ਸਮਝਦੇ। ਬਲਕਿ ਉਹ ਬੰਦਾ ਬਹਾਦਰ ਦੀ ਤਰ੍ਹਾਂ ਪੰਜ ਤੀਰ ਤੇ ਕਮਾਨ ਨਾਲ ਤਿਆਰ ਕਰਦੇ। ਫਿਰ ਲੜਾਈ ਵਿਚ ਢਾਲ ਬਿਨਾਂ ਤਲਵਾਰ ਕਿਸ ਕੰਮ ਆਉਣੀ ਸੀ।

ਕੰਘਾ, ਕੇਸ, ਕੜਾ, ਕ੍ਰਿਪਾਨ ਤੇ ਕਛਹਿਰਾ ਸਾਰੇ ਹੀ ਮਾਲਕ ਵੱਲੋਂ ਖ਼ਾਲਸੇ ਲਈ ਪਿਆਰ ਅਤੇ ਸੁੰਦਰਤਾ ਦੇ ਕੋਮਲ ਤੋਹਫ਼ੇ ਹਨ ਕਿਉਂਕਿ ਗੁਰੂ ਜੀ ਨੇ ਆਪਣਾ ਸਭ ਕੁਝ ਖ਼ਾਲਸੇ ਲਈ ਅਰਪਣ ਕਰ ਛੱਡਿਆ ਸੀ। ਇਹ ਉਸ ਗੁਰੂ ਦੀਆਂ ਸੁਗ਼ਾਤਾਂ ਹਨ, ਜੋ ਸ਼ਰਧਾਲੂਆਂ ਦੀਆਂ ਭੇਟਾਂ ਨੂੰ ਹਜ਼ਮ ਨਹੀਂ ਸਨ ਕਰਦੇ, ਬਲਕਿ ਸਭ ਕੁਝ ਖ਼ਾਲਸੇ ਲਈ ਛੱਡ ਦਿੰਦੇ ਸਨ। ਪੂਰਨ ਪ੍ਰੇਮੀ ਦੀ ਇਹ ਖੇਡ ਖ਼ਾਲਸੇ ਲਈ ਅਦੁੱਤੀ ਸੀ :

ਜਉ ਤਉ ਪ੍ਰੇਮ ਖੇਲਣ ਕਾ ਚਾਉ ।।
ਸਿਰੁ ਧਰਿ ਤਲੀ ਗਲੀ ਮੇਰੀ ਆਉ ।।

ਇਹ ਦਾਤਾਂ ਉਸ ਪ੍ਰੇਮ 'ਚੋਂ ਨਿਕਲੀਆਂ ਹਨ, ਨਾ ਕਿ ਸੈਨਿਕ ਬਨਾਉਣ ਦੇ ਯਤਨਾਂ 'ਚੋਂ, ਜਿਥੇ ਪੂਰਨ ਪਿਆਰ ਹੈ , ਉਥੇ ਜ਼ਿੰਦਗੀ/ਕਰਮ ਹੈ, ਕੁਰਬਾਨੀ ਹੈ, ਕੀ ਇਹ ਗੱਲ ਠੀਕ ਨਹੀਂ ? ਗੁਰੂ ਜੀ ਦਾ ਖ਼ਾਲਸੇ ਪ੍ਰਤੀ ਪਿਆਰ ਕੇਵਲ ਮਨ ਦੀਆਂ ਤਰੰਗਾਂ ਨਹੀਂ ਸੀ। ਉਨ੍ਹਾਂ ਦੀ ਜ਼ਿੰਦਗੀ 'ਚ ਸ਼ਾਮਿਲ ਹੈ।

ਅਸੀਂ ਹੀ ਹਾਂ ਜੋ ਆਪਣੇ ਪਿਆਰ 'ਚ ਅਧੂਰੇ ਹਾਂ ਅਤੇ ਗੁਰੂ ਨੂੰ ਦਿਲੋਂ ਪ੍ਰੇਮ ਕਰਨ ਦਾ ਦਾਅਵਾ ਕਰਦੇ ਹਾਂ ਅਤੇ ਇਹ ਦਲੀਲ ਦਿੰਦੇ ਹਾਂ ਕਿ ਸਾਨੂੰ ਜ਼ਾਹਰਾ ਤੌਰ 'ਤੇ ਕੇਸਾਂ ਦੇ ਰੂਪ ਵਿਚ ਪ੍ਰਗਟ ਕਰਨ ਦੀ ਲੋੜ ਨਹੀਂ। ਪਰੰਤੂ ਕੀ ਪਿਆਰ ਕਹਿਣੀ ਤੇ ਕਰਨੀ 'ਚ ਇਕ ਹੋਏ ਬਿਨਾਂ ਵੀ ਹੋ ਸਕਦਾ ਹੈ ? ਨਹੀਂ। ਕਲਗੀਧਰ ਪਾਤਸ਼ਾਹ ਦਾ ਖ਼ਾਲਸੇ ਪ੍ਰਤੀ ਪੂਰਨ ਸਨੇਹ ਉਨ੍ਹਾਂ ਦੀ ਪੁਸਤਕ 'ਸਰਬ ਲੋਹ'ਤੋਂ ਪ੍ਰਗਟ ਹੁੰਦਾ ਹੈ, ਜਿਥੇ ਉਹ ਖ਼ਾਲਸੇ ਨਾਲ ਇਕ-ਮਿੱਕ ਹੋ ਜਾਂਦੇ ਹਨ ਅਤੇ ਖ਼ਾਲਸੇ ਨੂੰ ਆਪਣੇ ਪਿਆਰ ਦੇ ਸਿਖਰ ਦੇ ਤੌਰ 'ਤੇ ਪੇਸ਼ ਕਰਦੇ ਹਨ :

"ਖ਼ਾਲਸਾ ਮੇਰੋ ਪਿੰਡ ਪਰਾਨ।
ਖ਼ਾਲਸਾ ਮੇਰੀ ਜਾਨ ਕੀ ਜਾਨ।
ਮਾਨ ਮਹਤ ਮੇਰੀ ਖਾਲਸਾ ਸਹੀ।
ਖਾਲਸਾ ਮੇਰੋ ਸ੍ਵਾਰਥ ਸਹੀ।
ਖਾਲਸਾ ਮੇਰੋ ਕਰੋ ਨਿਰਬਾਹ।
ਖਾਲਸਾ ਮੇਰੋ ਦੇਹ ਅਰ ਸਾਹ।
ਖਾਲਸਾ ਮੇਰੋ ਧਰਮ ਅਰ ਕਰਮ।
ਖਾਲਸਾ ਮੇਰੋ ਭੇਦ ਨਿਜ ਮਰਮ।
ਖਾਲਸਾ ਮੇਰੋ ਸਤਿਗੁਰ ਪੂਰਾ ।
ਖਾਲਸਾ ਮੇਰੋ ਸੱਜਨ ਸੂਰਾ।
ਖਾਲਸਾ ਮੇਰੋ ਬੁਧ ਅਰ ਗਿਆਨ।
ਖਾਲਸੇ ਕਾ ਹੌਂ ਧਰੋਂ ਧਿਆਨ ।।"

ਖਾਲਸਾ ਮੇਰੋ ਪਿੰਡ ਪਰਾਨ ...ਖ਼ਾਲਸਾ ਮੇਰੀ ਜਾਨ ਕੀ ਜਾਨ .......

ਉਹ ਮਨ ਜੋ ਸਿੱਖ ਮਰਿਯਾਦਾ ਨਾਲ ਪਿਆਰ ਕਰਦਾ ਹੈ, ਅਸਲੋਂ ਧਰਮੀ ਹੈ ਕਿਉਂਕਿ ਜੀਵਨ ਦੀ ਰੌਂਅ, ਹੋਰ ਕਾਰਨਾਮੇ ਅਤੇ ਸੱਚ ਰਾਹੀਂ ਅਜੇਹਾ ਮਨ ਹੀ ਗੁਰੂ ਦੁਆਰਾ ਬਖ਼ਸ਼ੀਆਂ

ਦਾਤਾਂ ਦੀ ਕਦਰ ਕਰ ਸਕਦਾ ਹੈ। ਜਿਨ੍ਹਾਂ ਦੇ ਦੋ ਛੋਟੇ ਬੱਚੇ ਸੱਤ ਅਤੇ ਨੌਂ ਸਾਲ ਦੇ, ਸਰਹਿੰਦ ਵਿਖੇ ਸ਼ਹੀਦੀਆਂ ਪਾ ਗਏ, ਜਿਨ੍ਹਾਂ ਦੀ ਮਿਸਾਲ ਦੁਨੀਆਂ ਦੇ ਇਤਿਹਾਸ 'ਚ ਕਿਧਰੇ ਨਹੀਂ ਮਿਲਦੀ। ਇਹ ਦੋ ਮਾਸੂਮ ਬੱਚੇ ਨੀਹਾਂ 'ਚ ਜਿਉਂਦੇ ਚਿਣੇ ਗਏ ਕਿਉਂਕਿ ਉਨ੍ਹਾਂ ਨੇ ਨਫ਼ਰਤ ਦੀ ਤਲਵਾਰ ਅੱਗੇ ਝੁਕਣਾ ਨਾ ਕਬੂਲਿਆ। ਗੁਰੂ ਸਾਹਿਬ ਦੇ ਮਾਤਾ ਜੀ ਤਸੀਹੇ ਝੱਲਦੇ ਪ੍ਰਲੋਕ ਗਮਨ ਕਰ ਗਏ। ਗੁਰੂ ਜੀ ਦੇ ਵੱਡੇ ਸਾਹਿਬਜ਼ਾਦੇ ਸਾਡੇ ਲਈ ਲੜਾਈ 'ਚ ਲੜਦੇ ਸ਼ਹੀਦ ਹੋਏ। ਗੁਰੂ ਸਾਹਿਬ ਨੂੰ ਵੀ ਦੋ ਬੁਜ਼ਦਿਲ ਪਠਾਣਾਂ ਨੇ ਨੰਦੇੜ ਵਿਖੇ ਛੁਰਾ ਮਾਰ ਕੇ ਬੁਰੀ ਤਰ੍ਹਾਂ ਫੱਟੜ ਕਰ ਦਿੱਤਾ ਸੀ।

ਕੀ ਇਹੋ ਜਿਹੇ ਪਰਉਪਕਾਰੀ, ਜਿਨ੍ਹਾਂ ਖ਼ਾਲਸੇ ਲਈ ਸਰਬੰਸ ਦਾਨ ਕਰ ਦਿੱਤਾ। ਉਨ੍ਹਾਂ ਨੇ ਸਾਨੂੰ ਕੇਵਲ ਕਾਰ-ਵਿਹਾਰ ਦੀਆਂ ਸੁਗ਼ਾਤਾਂ ਹੀ ਨਹੀਂ ਦਿੱਤੀਆਂ, ਪਰੰਤੂ ਪਿਆਰ ਦੇ ਤੋਹਫ਼ੇ ਦਿੱਤੇ, ਜਿਨ੍ਹਾਂ ਵੱਲ ਉਂਗਲ ਨਹੀਂ ਕੀਤੀ ਜਾ ਸਕਦੀ। ਇਹ ਕੋਈ ਸੌਦੇਬਾਜ਼ੀ ਵਾਲੀ ਵਪਾਰਕ ਜਾਂ ਵੰਡਣ ਵਾਲੀ ਸ਼ੈਅ ਨਹੀਂ।

ਉਨ੍ਹਾਂ ਦੀ ਕੁਰਬਾਨੀ ਵੀ ਤੇ ਪਿਆਰ ਵੀ, ਸਭ ਪੱਖਾਂ ਤੋਂ ਖ਼ਾਲਸੇ ਦੀ ਖ਼ੁਸ਼ੀ ਲਈ ਸੰਪੂਰਨ ਸੀ ਅਤੇ ਇਨ੍ਹਾਂ ਸੁਗ਼ਾਤਾਂ ਨੂੰ ਮਨੁੱਖਤਾ ਦੇ ਖ਼ੂਨ 'ਚੋਂ ਜਨਮ ਮਿਲਿਆ। ਮੁਗ਼ਲਾਂ ਨੇ ਕਿਸੇ ਅਜੇਹੇ ਲਾਭ ਲਈ ਹੀ ਸਿੱਖਾਂ ਦੇ ਸਿਰਾਂ ਦੇ ਮੁੱਲ ਨਹੀਂ ਸੀ ਪਾਏ। ਇਹ ਇਸ ਕਰਕੇ ਸਨ ਕਿ ਉਹ ਜਾਣਦੇ ਸਨ ਇਨ੍ਹਾਂ ਦਾਤਾਂ ਬਿਨਾਂ ਗੁਰੂ ਸਾਹਿਬ ਦੇ ਇਨ੍ਹਾਂ ਪਿਆਰ ਚਿੰਨ੍ਹਾਂ ਬਗ਼ੈਰ ਖ਼ਾਲਸਾ ਖੇਰੂੰ-ਖੇਰੂੰ ਹੋ ਜਾਵੇਗਾ।

ਖ਼ਾਲਸੇ ਦੇ ਸਭ ਸਪੂਤਾਂ ਲਈ ਕ੍ਰਿਪਾਨ ਹਰ ਸਮੇਂ ਧਾਰਨ ਕਰੀ ਰੱਖਣੀ ਜ਼ਰੂਰੀ ਹੈ। ਇਹ ਉਨ੍ਹਾਂ ਦੀ ਨਿੱਜੀ ਵਸਤੂ ਨਹੀਂ। ਇਹ ਖ਼ਾਲਸੇ ਨੂੰ ਗੁਰੂ ਸਾਹਿਬ ਦੀ ਦੇਣ ਹੈ। ਇਸਨੂੰ ਜੰਗ ਜਾਂ ਅਮਨ ਦਾ ਹਥਿਆਰ ਨਹੀਂ ਸਮਝਿਆ ਜਾਣਾ ਚਾਹੀਦਾ। ਇਹ ਗੁਰੂ ਦੇ ਪਿਆਰੇ ਦੀ ਦਾਤ ਹੈ। ਦੁਨੀਆਂ ਦੀ ਸਾਰੀ ਫ਼ੌਜ ਜਾਂ ਵਧੀਆ ਪੁਲੀਸ ਵੀ ਅੰਗ ਰੱਖਿਅਕ ਬਣ ਜਾਵੇ, ਤਾਂ ਵੀ ਇਹ ਫ਼ਾਲਤੂ ਨਹੀਂ ਕਹੀ ਜਾ ਸਕਦੀ।

ਇਹ ਹਮੇਸ਼ਾ ਮੇਰੇ ਨਾਲ ਜੁੜੀ ਰਹੇਗੀ, ਅੰਗ-ਰੱਖਿਅਕ ਇਸ ਨੂੰ ਅਪ੍ਰਚੱਲਿਤ ਨਹੀਂ ਕਰ ਸਕਦੇ। ਕ੍ਰਿਪਾਨ ਗੁਰੂ ਨਾਲ ਜੁੜਨ ਦਾ ਸਾਧਨ ਹੈ। ਗੁਰੂ ਨੇ ਸਭ ਵਰਨਾਂ ਨੂੰ ਆਪਣੀ ਪਿਆਰ ਮਾਲਾ 'ਚ ਇਕੱਠੇ ਪਰੋ ਲਿਆ। ਉਸ ਯੁੱਗ ਵਿੱਚ ਜਦੋਂ ਕਿ ਛੋਟੀਆਂ ਜ਼ਾਤਾਂ ਵਾਲਿਆਂ ਨੂੰ ਵੱਡਿਆਂ ਦੇ ਖੂਹ ਤੋਂ ਪਾਣੀ ਭਰਨ ਖ਼ਾਤਰ ਹੀ ਫਾਹੇ ਲਾਇਆ ਜਾਂਦਾ ਸੀ, ਛੋਟੀਆਂ ਜ਼ਾਤਾਂ ਵਾਲਿਆਂ ਨੂੰ ਕੁੱਟ ਕੇ ਮਾਰ ਦਿੱਤਾ ਜਾਂਦਾ ਸੀ, ਜੇ ਉਹ ਬ੍ਰਾਹਮਣਾਂ ਦੇ ਭਾਂਡਿਆਂ ਨੂੰ ਹੱਥ ਵੀ ਲਾ ਬਹਿੰਦੇ।

ਇੱਕ ਵਾਰ ਇੱਕ ਕਲਾਲ ਗੁਰੂ ਜੀ ਦੇ ਦਰਸ਼ਨਾਂ ਲਈ ਆਇਆ, ਦੂਰ ਹੀ ਖਲੋ ਗਿਆ

ਕਿਉਂਕਿ ਕਲਾਲ, ਸਮਾਜੀ ਤੌਰ 'ਤੇ ਨੀਵੇਂ ਸਮਝ ਜਾਂਦੇ ਸਨ। ਜਦ ਗੁਰੂ ਸਾਹਿਬ ਨੇ ਦੇਖਿਆ ਤਾਂ ਕਹਿਣ ਲੱਗੇ। ਆ, ਤੇ ਆਕੇ ਤੰਬੂ 'ਚ ਸਾਡੇ ਪਾਸ ਬੈਠ। ਉਹ ਕੰਬ ਗਿਆ ਤੇ ਝਿੱਜਕਦਾ ਹੋਇਆ ਬੋਲਿਆ "ਮੈਂ ਨੀਚਾਂ ਦਾ ਨੀਚ ਦੇਵੀਤਿਆਂ ਦੀ ਸਭਾ 'ਚ ਕਿੱਦਾਂ ਬੈਠ ਸਕਦਾ ਹਾਂ ? ਪਾਤਸ਼ਾਹੋ ਮੈਂ ਕਲਾਲ ਹਾਂ, ਜਿਹਦੇ ਦਰਸ਼ਨਾਂ ਨਾਲ ਹੀ ਭਿੱਟੇ ਜਾਈਦਾ ਹੈ।

ਇਹ ਸੁਣਕੇ ਗੁਰੂ ਸਾਹਿਬ ਨੇ ਆਪਣੇ ਰਾਗੀਆਂ ਤੇ ਕਵੀਆਂ ਨੂੰ ਉਸਦਾ ਗਾ ਕੇ 'ਜੀ ਆਇਆਂ' ਕਰਨ ਨੂੰ ਕਿਹਾ, ਤੇ ਆਪ ਸਿੰਘਾਸਣ ਤੋਂ ਉਠ ਕੇ ਉਸਨੂੰ ਨਿਵਾਜਿਆ। ਫ਼ੁਰਮਾਣ ਲੱਗੇ, "ਤੂੰ ਕਲਾਲ ਨਹੀਂ, ਗੁਰੂ ਕਾ ਲਾਲ ਹੈਂ ? ਸਾਨੂੰ ਇਤਨਾ ਪਿਆਰ ਕੌਣ ਕਰਦਾ ਹੈ ? ਕ੍ਰਿਪਾਨ ਸਭ ਗ਼ਰੀਬ, ਅਮੀਰ ਲਈ ਗਹਿਣਾ ਬਣ ਗਿਆ ਹੈ। ਤਲਵਾਰ ਪਹਿਨਣਾ ਮੁਗ਼ਲ ਹਕੂਮਤ ਦੌਰਾਨ ਉੱਚੀ ਜ਼ਾਤੀ ਵਾਲਿਆਂ ਦਾ ਵਿਸ਼ੇਸ਼ ਅਧਿਕਾਰ ਸੀ। ਗੁਰੂ ਕੀ ਕ੍ਰਿਪਾ ਨਾਲ ਦਾਤ ਬਣ ਗਿਆ, ਜਿਸਨੂੰ ਹਰ ਕੋਈ, ਬਿਨਾਂ ਡਰ ਭੈਅ ਦੇ ਰੱਖ ਸਕਦਾ ਹੈ, ਕਿਉਂਕਿ ਹੁਣ ਇਹ ਗੁਰੂ ਦੀ ਪਿਆਰੀ ਦਾਤ ਹੈ।

....ਜਦੋਂ ਦਸਮੇਸ਼ ਪਿਤਾ ਨੇ ਆਪ ਸਾਡੇ ਕੇਸਾਂ ਨੂੰ ਨਿਖਾਰ ਕੇ ਬਣਾਇਆ, ਸੰਵਾਰਿਆ ਅਤੇ ਜੂੜੇ 'ਚ ਅਨਮੋਲ ਕੰਘਾ ਰੱਖ ਦਿੱਤਾ, ਤਾਂ ਅਸੀਂ ਕਿਵੇਂ ਆਪਣੇ ਕੇਸ ਕੱਟੇ ਜਾਣਾ ਬਰਦਾਸ਼ਤ ਕਰ ਸਕਦੇ ਹਾਂ ?

ਗੁਰੂ ਜੀ ਨੇ ਕੇਸਾਂ 'ਚ ਅੰਮ੍ਰਿਤ ਦਾ ਸੰਚਾਰ ਕੀਤਾ ਅਤੇ ਆਪਣੀਆਂ ਖ਼ੁਸ਼ੀਆਂ ਤੇ ਬਖ਼ਸ਼ਿਸ਼ਾਂ ਦੀ ਛਾਪ ਕੇਸਾਂ 'ਤੇ ਲਾ ਦਿੱਤੀ।

ਸਾਡੇ ਕੇਸ ਸਮੁੰਦਰ ਦੇ ਅਣਛੋਹੇ ਮੋਤੀਆਂ ਵਾਂਗ ਹਨ, ਜਿਨ੍ਹਾਂ ਨੂੰ ਖ਼ੋਜੀਆਂ, ਸ਼ਿਕਾਰੀਆਂ ਨੇ ਅਜੇ ਨਹੀਂ ਵਿਗਾੜਿਆ, ਤੁਸੀਂ ਕਹਿੰਦੇ ਹੋ ਵੱਡੇ ਵਾਲ ਉਗਾਉਣਾ ਖੇਚਲ ਵਾਲਾ ਨਿਰਾਸ਼ਮਈ ਕੰਮ ਹੈ, ਪ੍ਰੰਤੂ ਇਸ ਤੋਂ ਵੀ ਨਿਰਾਸ਼ਾਜਨਕ ਹੈ, ਉਹ ਹੋਂਦ ਜਿਸ ਲਈ ਕੋਈ ਪ੍ਰੇਰਣਾ ਸ੍ਰੋਤ ਨਹੀਂ।

ਸਾਡੀ ਹੋਛੀ ਤੇ ਪੇਤਲੀ ਜ਼ਿੰਦਗੀ ਕਿਸੇ ਤਰ੍ਹਾਂ ਵੀ ਦਿਲ-ਫ਼ਾਹੂ ਨਹੀਂ। ਰੋਜ਼ਾਨਾ ਟੁੱਟ-ਭੱਜ ਕੇ ਜ਼ਿੰਦਗੀ, ਨਿੱਤ ਦੀ ਰੋਟੀ ਖ਼ਾਤਰ ਦੌੜ ਭੱਜ, ਦੁਖ, ਤਕਲੀਫ਼, ਨਿਰਾਸ਼ਾ ਅਤੇ ਹੋਰ ਸਿਰ ਦਰਦੀਆਂ ਕਿਸੇ ਤਰ੍ਹਾਂ ਵੀ ਘੱਟ ਪ੍ਰੇਸ਼ਾਨ ਕਰਨ ਵਾਲੀਆਂ ਨਹੀਂ।

ਕੀ ਇਹ ਸਭ ਕੁਝ ਦੇ ਬਾਵਜੂਦ ਵੀ ਅਸੀਂ ਜਿਉਣਾ ਛੱਡ ਦਿੰਦੇ ਹਾਂ ? ਨਹੀਂ ਸਗੋਂ ਅਸੀਂ ਸੁਖ ਆਨੰਦ ਦੀ ਪ੍ਰਾਪਤੀ ਲਈ ਹੋਰ ਵੀ ਯਤਨਸ਼ੀਲ ਹੁੰਦੇ ਹਾਂ। ਜੇ ਅਸੀਂ ਅਜੇਹਾ ਥੋਥਾ ਜੀਵਨ ਜੀਣ ਲਈ ਸਹਿਮਤ ਹੋ ਜਾਂਦੇ ਹਾਂ, ਤਾਂ ਕੀ ਅਸੀਂ ਲੰਬੇ ਕੇਸ ਨਹੀਂ ਰਖ ਸਕਦੇ ? ਜਿਹੜੇ ਕਿ ਪ੍ਰੇਰਣਾ ਅਤੇ ਜ਼ਿੰਦਗੀ ਦੇ ਸੋਮੇ ਹਨ। ਇਸ ਤੋਂ ਵੱਧਕੇ ਗੁਰੂ ਦੀ ਦਾਤ ਹਨ, ਜਿਨ੍ਹਾਂ ਤੋਂ ਮੂੰਹ ਮੋੜਨਾ, ਆਪਣੀ ਹੋਂਦ ਤੋਂ ਮੁਨਕਰ ਹੋਣਾ ਤੇ ਜੀਵਨ ਦੇ ਉਦੇਸ਼ ਤੋਂ ਬੇਮੁਖ ਹੋਣਾ ਹੈ।

ਪੱਛਮ ਵਿਚ ਬੱਚੇ ਸੈਂਟ ਕਲਾਸ ਵੱਲੋਂ ਕਰਿਸਮਸ ਈਸਾ ਦੇ ਪੁਰਬ 'ਤੇ ਦਿੱਤੀਆਂ ਸੁਗ਼ਾਤਾਂ ਨੂੰ ਐਨਾ ਪਿਆਰ ਕਰਦੇ ਹਨ, ਆਪਣੇ ਮਾਪਿਆਂ ਦੁਆਰਾ ਰੱਖੀਆਂ ਚੀਜ਼ਾਂ ਦੀ ਬੜੀ ਤਾਂਘ ਨਾਲ ਤਲਾਸ਼ ਕਰਦੇ ਹਨ ਤੇ ਉਨ੍ਹਾਂ ਨੂੰ ਪ੍ਰਾਪਤ ਕਰਕੇ ਫੁੱਲੇ ਨਹੀਂ ਸਮਾਉਂਦੇ ਅਤੇ ਅਸੀਂ ਇਤਨੇ ਅਕ੍ਰਿਤਘਣ ਹਾਂ ਕਿ ਅਸੀਂ ਲੜਦੇ ਝਗੜਦੇ ਹਾਂ ਅਤੇ ਪਿਤਾ ਦੀਆਂ ਦਿੱਤੀਆਂ ਦਾਤਾਂ ਨੂੰ ਠੁਕਰਾਉਂਦੇ ਹਾਂ, ਜਿਸ ਨੇ ਆਪਣੇ ਲਈ ਕੁਝ ਨਹੀਂ ਰਖਿਆ ਅਤੇ ਸਭ ਕੁਝ ਭੇਂਟ ਕਰ ਦਿੱਤਾ, ਕੀ ਸਰੀਰਕ, ਕੀ ਆਤਮਿਕ ਤੇ ਕੀ ਪਦਾਰਥਿਕ......

ਇਹ ਸੁੰਦਰ ਕਛਹਿਰਾ, ਜੋ ਅਸੀਂ ਹਰ ਰੋਜ਼ ਹੀ ਪਹਿਨਦੇ ਹਾਂ, ਉਹੀ ਹੈ ਜੋ ਗੁਰੂ ਸਾਹਿਬ ਤੇ ਉਨ੍ਹਾਂ ਦੇ ਸ਼ਰਧਾਲੂ ਖ਼ੁਦ ਪਹਿਨਦੇ ਸਨ। ਇਹ ਪਹਿਨ ਕੇ ਅਸੀਂ ਗੁਰੂ ਦੇ ਨੇੜੇ ਹੁੰਦੇ ਹਾਂ। ਉਹ ਲੱਕੜ ਦਾ ਕੰਘਾ ਜੋ ਉਨ੍ਹਾਂ ਨੇ ਸਾਡੇ ਕੇਸਾਂ 'ਚ ਟੰਗਿਆ, ਉਨ੍ਹਾਂ ਦੇ ਕੇਸਾਂ 'ਚ ਵੀ ਲਹਿਰਦਾ ਸੀ। ਕੰਘਾ ਵੀ ਨਵ ਜੰਮੇ ਬੱਚੇ ਵਾਂਗ ਮਾਂ ਦੀ ਗੋਦ 'ਚ ਖੇਲਦਾ ਹੈ, ਜਿਸ ਨੂੰ ਅਸੀ ਬੁਰੀ ਤਰ੍ਹਾਂ ਕੁਚਲਣਾ ਚਾਹੁੰਦੇ ਹਾਂ।

ਇਨ੍ਹਾਂ ਦਾਤਾਂ ਦੀ ਖ਼ਾਤਰ ਹੀ ਮੇਰੇ ਹਜ਼ਾਰਾਂ ਵੀਰਾਂ ਨੇ ਬਲੀਦਾਨ ਦਿਤੇ। ਕੀ ਤੁਸੀਂ ਕਦੀ ਭੇਡ ਦੀਆਂ ਅੱਖਾਂ 'ਚ ਅੱਥਰੂ ਦੇਖੇ ਹਨ, ਜਦ ਉਸ ਦੀ ਉੱਨ ਲਾਹੀ ਜਾਂਦੀ ਹੈ ਅਤੇ ਸਾਡੇ 'ਚੋਂ ਬਹੁਤੇ ਕੇਸਾਂ ਬਿਨਾਂ ਖ਼ੁਸ਼ ਹੁੰਦੇ ਹਨ। ਸੱਚ ਪੁੱਛੋ ਤਾਂ ਅਸੀਂ ਪਸ਼ੂਆਂ ਤੋਂ ਵੀ ਅੱਗੇ ਲੰਘ ਗਏ ਹਾਂ।

ਕੜਾ ਵੀ ਗੁਰੂ ਦੀ ਦਾਤ ਮੰਨਣੀ ਚਾਹੀਦੀ ਹੈ। ਸਾਡੀ ਦੌਲਤ, ਅਕਲ ਤੇ ਪ੍ਰਾਪਤੀਆਂ ਦਾ ਇਸ ਨਾਲ ਕੋਈ ਮੇਲ ਨਹੀਂ। ਇਹ ਸਾਡੇ ਪਿਆਰੇ ਦੇ ਪਿਆਰ ਵਜੋਂ ਮਿਲੀ ਦਾਤ ਹੈ। ਅਜੀਬ ਗੱਲ ਹੈ ਕਿ ਅਸੀਂ ਇਸ ਬਾਰੇ ਵੀ ਦਲੀਲਬਾਜ਼ੀ ਕਰਦੇ ਹਾਂ। ਜਿਸ ਦਿਨ ਗੁਰੂ ਜੀ ਨੇ ਸਾਨੂੰ ਕੜਾ ਪਹਿਨਾਇਆ, ਉਸ ਦਿਨ ਤੋਂ ਸਦਾ ਲਈ ਇਹ ਸਾਡਾ ਹੋ ਗਿਆ ਸੀ ਅਤੇ ਕੋਈ ਵੀ ਇਨ੍ਹਾਂ ਨੂੰ ਸਿੱਖ ਤੋਂ ਜੁਦਾ ਨਹੀਂ ਕਰ ਸਕਦਾ।

ਅਸੀਂ ਅਜੇ ਵੀ ਚੂੰਚਰਾਂ ਡਾਹੁੰਦੇ ਹਾਂ। ਉਨ੍ਹਾਂ ਮੈਨੂੰ ਪ੍ਰੇਮ ਕੀਤਾ, ਆਪਣਾ ਬਣਾਇਆ-ਹਨੇਰੇ 'ਚੋਂ ਕੱਢ ਕੇ ਸੱਚ ਦੀ ਜੋਤ ਜਗਾਈ, ਕੀ ਮੈਂ ਉਨ੍ਹਾਂ ਦੀਆਂ ਸੁਗ਼ਾਤਾਂ ਨੂੰ ਵੀ ਆਪਣਾ ਨਹੀਂ ਸਕਦਾ? ਬੱਚੇ ਹੋਣ ਦੇ ਨਾਤੇ ਸਾਡੇ ਲਈ ਉਨ੍ਹਾਂ ਦੀਆਂ ਪਿਆਰ ਵਸ ਹੋ ਕੇ ਬਖ਼ਸ਼ੀਆਂ ਦਾਤਾਂ ਪਹਿਨਣਾ ਜ਼ਰੂਰੀ ਹੈ। ਇਹ ਸੁਗ਼ਾਤਾਂ ਪਹਿਨਣਾ ਸਾਡੇ ਲਈ ਜ਼ਿੰਦਗੀ ਹੈ ਅਤੇ ਇਨ੍ਹਾਂ ਦਾ ਤਿਆਗ ਮੌਤ। ਖ਼ਾਲਸੇ ਦੀ ਅਧੋਗਤੀ ਸਾਫ਼ ਜ਼ਾਹਿਰ ਹੋ ਰਹੀ ਹੈ।

ਅਸੀਂ ਸਾਰੇ ਗੁਰੂ ਜੀ ਵਾਂਗ ਹੀ ਕੇਸ ਦਾਹੜੀ ਰੱਖਦੇ ਹਾਂ। ਸਾਨੂੰ ਉਹ ਸ਼ਾਹੀ ਰੂਪ ਦਿੱਤਾ ਗਿਆ ਹੈ।

"ਜਬ ਲਗ ਖ਼ਾਲਸਾ ........

ਸਾਡੀ ਸੱਦ ਪੁੱਛ ਉਨ੍ਹਾਂ ਨਾਲ ਹੀ ਹੈ, ਉਨ੍ਹਾਂ ਨੂੰ ਤੇ ਉਨ੍ਹਾਂ ਦੀਆਂ ਦਾਤਾਂ ਨੂੰ ਤਿਆਗ ਕੇ ਨਹੀਂ। ਇਹ ਦਾਤਾਂ ਸਾਨੂੰ ਉਨ੍ਹਾਂ ਦੀ ਸਰਬ ਸ਼ਕਤੀ ਮਾਨਤਾ ਤੇ ਵਿਆਪਕਤਾ ਦੀ ਯਾਦ ਦਿਲਾਉਂਦੀਆਂ ਹਨ 'ਜਸਕੀਰਤ.....ਇਨ੍ਹਾਂ ਦਾਤਾਂ ਨੂੰ ਨਿਰਜੀਵ ਚਿੰਨ੍ਹ ਨਾ ਸਮਝੋ। ਇਹ ਜ਼ਿੰਦਾ ਰੂਹਾਂ ਦੇ ਸ਼ਿੰਗਾਰ ਹਨ।

ਅਸੀਂ ਰੱਬ ਦੀਆਂ "ਵਰ੍ਹੀਆਂ ਇਸਤਰੀਆਂ ਹਾਂ" ਉਹ ਪਤੀ ਪ੍ਰਮੇਸ਼ਰ ਦੀਆਂ ਪ੍ਰੇਮ ਨਿਸ਼ਾਨੀਆਂ ਹਨ। ਉਸ ਦੀਆਂ ਇਹ ਰੱਬੀ ਦਾਤਾਂ ਜੁੱਗਾਂ-ਜੁਗਾਂਤਰਾਂ ਤੱਕ ਰਹਿਣ ਵਾਲੀਆਂ ਹਨ। ਤੈਨੂੰ ਸ਼ਾਇਦ ਇਹ ਨਾ ਮੰਨਣ ਯੋਗ ਭਰਮ-ਭੁਲੇਖਾ ਤੇ ਦਲੀਲ ਰਹਿਤ ਹੀ ਲੱਗੇ, ਪਰੰਤੂ ਪ੍ਰੀਤ ਦੀਆਂ ਲਹਿਰਾਂ ਦਾ ਆਪਣਾ ਹੀ ਪ੍ਰਭਾਵ ਤੇ ਮਹੱਤਵ ਹੁੰਦਾ ਹੈ। ਗੁਰੂ ਦੀ ਇਹ 'ਅਜੋਧਤਾ' ਹੀ ਦੁਰਕਾਰਨ ਦੀ ਮੇਰੇ 'ਚ ਸਮਰੱਥਾ ਨਹੀਂ।

ਕੀ ਹੋਣ ਵਾਲੀ ਪਤਨੀ ਕਦੇ ਮੰਗਣੀ ਵਾਲੇ ਛੱਲੇ ਦੀ ਕੀਮਤ ਬਾਰੇ ਕਿੰਤੂ ਕਰੇਗੀ, ਜੋ ਉਸ ਨੂੰ ਪਤੀ-ਦੇਵ ਵਲੋਂ ਦਿਤਾ ਗਿਆ ਹੋਵੇ ? ਕਦੇ ਨਹੀਂ, ਭਾਵੇਂ ਉਹ ਤਾਂਬੇ ਜਾਂ ਸਿੱਪੀ ਦਾ ਬਣਿਆ ਹੋਵੇ। ਅੱਜ ਤੁਸੀਂ ਇਸ ਲਈ ਇਨ੍ਹਾਂ ਨੂੰ ਛੱਡ ਰਹੇ ਹੋ ਕਿ ਸੋਨਾ ਵਧੇਰੇ ਕੀਮਤੀ ਹੈ। ਠੀਕ ਹੈ ਲੋਹਾ ਦੁਨਿਆਵੀ ਤੌਰ 'ਤੇ ਘਟੀਆ ਸੀ।

ਇਕ ਸ਼ਾਹੂਕਾਰ ਹਰਗੋਪਾਲ ਬੁਲ੍ਹ ਕਰੀਚਦਾ ਇਕ ਵਾਰ ਗੁਰੂ ਜੀ ਲਈ ਸੋਨੇ ਦਾ ਜੜਾਊ ਕੰਗਣ ਲਿਆਇਆ, ਇਸ ਲਈ ਨਹੀਂ ਕਿ ਉਹ ਗੁਰੂ ਨੂੰ ਪਿਆਰ ਕਰਦਾ ਸੀ, ਪਰੰਤੂ ਇਸ ਕਰਕੇ ਕਿ ਅਜੇਹਾ ਕਰਕੇ ਉਹ ਆਪਣੇ ਪਿਤਾ ਦੀਆਂ ਖ਼ੁਸ਼ੀਆਂ ਹਾਸਲ ਕਰਨਾ ਚਾਹੁੰਦਾ ਸੀ, ਜੋ ਗੁਰੂ ਘਰ ਦਾ ਸ਼ਰਧਾਲੂ ਸੀ।

ਇਨ੍ਹਾਂ ਤੋਂ ਇਕ ਕੰਗਣ ਕਿਤੇ ਗੁਰੂ ਜੀ ਤੋਂ ਜਮਨਾ ਨਦੀ 'ਚ ਡਿੱਗ ਪਿਆ। ਹਰਗੋਪਾਲ ਬੜਾ ਦੁਖੀ ਹੋਇਆ। ਬਥੇਰੀਆਂ ਕੋਸ਼ਿਸ਼ਾਂ ਦੇ ਬਾਵਜੂਦ ਵੀ ਜਦ ਲੱਭ ਨਾ ਸਕਿਆ, ਤਾਂ ਗੁਰੂ ਜੀ ਨੂੰ ਕਹਿਣ ਲੱਗਿਆ, ਉਹ ਠੀਕ ਠੀਕ ਜਗ੍ਹਾ ਦੱਸੋ ਜਿਥੇ ਕੰਗਣ ਡਿਗਿਆ ਸੀ, ਤਾਂ ਕਿ ਉਹ ਲੱਭ ਸਕੇ। ਇਹ ਦੱਸਣ ਲਈ ਕਿ ਕੰਗਣ ਨਦੀ ਵਿੱਚ ਕਿੱਥੇ ਕੁ ਡਿਗਿਆ ਹੈ, ਗੁਰੂ ਜੀ ਨੇ ਦੂਸਰਾ ਕੰਗਣ ਵੀ ਹੱਥ 'ਚੋਂ ਲਾਹ ਕੇ ਨਦੀ 'ਚ ਸੁਟਦਿਆਂ ਕਿਹਾ, "ਹਰਗੋਪਾਲ ਜੀ, ਐਥੇ ਕੁ।"

ਤੁਸੀਂ ਗੁਰੂ ਸਾਹਿਬ ਦੇ ਲੋਹੇ ਦੇ ਕੜੇ ਦੀ ਵਰਤੋਂ 'ਤੇ ਸਵਾਲ ਕਰਦੇ ਹੋ, ਪਰੰਤੂ ਉਸ ਸੋਨੇ ਦੇ ਕੜੇ 'ਤੇ ਨਹੀਂ, ਜੋ ਅੱਜ ਕਲ੍ਹ ਮੰਗਣੇ ਸ਼ਾਦੀ 'ਤੇ ਸਿੱਖਾਂ 'ਚ ਆਮ ਪ੍ਰਚਲਤ ਹੈ। ਤੁਸੀਂ ਪੀਲੀ ਧਾਤ ਖ਼ਾਤਰ ਗੁਰੂ ਕਾ ਕੜਾ ਤਿਆਗਣ ਲਈ ਤੱਤਪਰ ਹੋ। ਪਰੰਤੂ ਦੁਨੀਆਂ ਦੇ ਪਦਾਰਥਾਂ ਮਗਰ ਦੌੜਦੇ ਆਪਣੀ ਪਹਿਲੀ ਸ਼ਾਦੀ ਨਾ ਭੁਲੋ, ਜਿਸ ਕਰਕੇ ਤੁਹਾਡੀ ਮੌਜੂਦਾ ਹੋਂਦ ਹੈ।

ਸਰੀਰ ਨੂੰ ਚਾਹੇ ਪ੍ਰਧਾਨ ਬਣਾ ਲਵੋ ਜਾਂ ਦੇਵੀ ਮੰਦਰ, ਤੁਹਾਡੀ ਆਪਣੀ ਇੱਛਾ ਹੈ। ਨਤੀਜੇ ਵੀ ਤੁਸੀਂ ਹੀ ਭੁਗਤਣੇ ਹਨ। ਪਿਆਰ ਦਾ ਵਰਦਾਨ ਵੀ ਤੁਹਾਡੇ ਲਈ ਹੈ ਅਤੇ ਛੁੱਟੜ ਹੋਣ ਦਾ ਝੋਰਾ ਵੀ ਤੁਹਾਡੇ ਲਈ। ਇਹ ਸੁਗਾਤਾਂ ਲੁਕਾ ਛੁਪਾ ਕੇ ਰੱਖਣ ਲਈ ਨਹੀਂ ਹਨ। ਇਨ੍ਹਾਂ ਦੀ ਤਹਿ ਤੱਕ ਜਾਓ, ਅਗਰ ਤੁਸੀਂ ਆਤਮਿਕ ਬੁਲੰਦੀ 'ਚ ਰਹਿਣਾ ਲੋਚਦੇ ਹੋ।

ਸਿੱਖ ਦਾ ਸਿਰ, ਸਿੰਘ ਦੇ ਕੇਸ, ਇਕ ਵਾਰੀ ਅਰਪਣ ਕੀਤੇ ਸਦਾ ਲਈ ਗੁਰੂ ਦੇ ਹੋ ਗਏ। ਸਦਾ ਵਾਸਤੇ ਉਸ ਦੀ ਅਮਾਨਤ ਬਣ ਗਏ। ਇਸ ਲਈ ਇਹ ਜ਼ਰੂਰੀ ਹੈ ਕਿ ਸਿੱਖ ਆਪਣਾ ਸਿਰ ਉੱਚਾ ਰੱਖੇ ਤੇ ਨਾਸ਼ਵਾਨ ਰਾਜਿਆਂ (ਨਾਈਆਂ) ਅੱਗੇ ਨਾ ਝੁਕਾਵੇ। ਇਹ ਕੇਵਲ ਗੁਰੂ ਅੱਗੇ ਹੀ ਝੁਕ ਸਕਦਾ ਹੈ।

ਇਕ ਵਾਰ ਗੁਰੂ ਜੀ ਨੂੰ ਇਕ ਬੰਦੂਕ ਭੇਂਟ ਕੀਤੀ ਗਈ। ਆਪਣੇ ਪੈਰੋਕਾਰਾਂ ਦੇ ਪ੍ਰੇਮ ਦੀ ਪਰਖ਼ ਲਈ ਗੁਰੂ ਜੀ ਨੇ ਕਿਹਾ ਕਿ ਉਹ ਕਿਸੇ ਦੇ ਮੱਥੇ 'ਤੇ ਨਿਸ਼ਾਨਾ ਪਰਖ਼ਣਾ ਚਾਹੁੰਦੇ ਹਨ। ਉਨ੍ਹਾਂ ਆਸੇ ਪਾਸੇ ਦੇਖਿਆ ਕਿ ਕੀ ਕੋਈ ਸਿੰਘ ਪਰਖ਼ ਲਈ ਆ ਰਿਹਾ ਹੈ? ਅਨੇਕਾਂ ਸਿੱਖ ਇਕ ਦੂਜੇ ਤੋਂ ਅੱਗੋਂ ਦੀ ਹੋ ਕੇ ਭੱਜੇ ਆਉਣ ਕਿ ਗੁਰੂ ਜੀ ਦੇ ਹੱਥੀਂ ਮਰਨਾ ਕਿੱਡੀ ਖ਼ੁਸ਼ਕਿਸਮਤੀ ਵਾਲੀ ਗੱਲ ਹੈ, ਅਤੇ ਅਸੀਂ ਅੱਜ ਮੋਏ ਪਏ ਹਾਂ.....ਘੂਕ ਸੁੱਤੇ........ਅਤੇ ਸ਼ਬਦਾਂ ਦੇ ਵਣਜਾਰੇ ਬਣਨ ਤੋਂ ਸਿਵਾ ਸਾਡੇ ਪੱਲੇ ਕੁਝ ਵੀ ਨਹੀਂ।

ਹਰ ਰੋਜ਼ ਅਸੀਂ ਅਰਦਾਸ ਕਰਦੇ ਹਾਂ–"ਨਾਨਕ ਦਾਸ ਸਦਾ ਕੁਰਬਾਨੀ" ਪਰੰਤੂ ਉਹ ਕੀ ਹੈ, ਜੋ ਅਸੀਂ ਨਿੱਤ ਕੁਰਬਾਨ ਕਰਦੇ ਹਾਂ?

ਗੁਰੂ ਜੀ ਦੀ ਕੁਰਬਾਨੀ ਸੱਚੀ ਸੁੱਚੀ ਸੀ। ਅਸੀਂ ਉਨ੍ਹਾਂ ਦੀ ਰੀਸ ਨਹੀਂ ਕਰ ਸਕਦੇ, ਥੋੜ੍ਹੀ ਬਹੁਤ ਕੁਰਬਾਨੀ ਤਾਂ ਅਸੀਂ ਕਰ ਸਕਦੇ ਹਾਂ, ਪਰੰਤੂ ਅਸੀਂ ਤਾਂ ਪੰਜ ਕਕਾਰਾਂ ਦੀ ਕੁਰਬਾਨੀ ਦੇ ਰਹੇ ਹਾਂ। ਦਿਲ ਨੂੰ ਤੋੜ ਦੇਣ ਵਾਲਾ ਹੈ, ਕੁਰਬਾਨੀ ਦਾ ਇਹ ਜਜ਼ਬਾ। ਜੇ ਅੱਜ ਖ਼ਾਲਸਾ ਖੋਖਲਾ ਹੈ ਤਾਂ ਇਹ ਇਸ ਲਈ ਕਿ ਅਸੀਂ ਕੁਰਬਾਨੀ ਦੀ ਪਰੰਪਰਾ ਨੂੰ ਭੁੱਲ ਰਹੇ ਹਾਂ। ਅਸੀਂ ਕੁਰਬਾਨੀ ਕਰਨ ਵਾਲਿਆਂ ਦਾ ਪਿਆਰ ਭੁੱਲ ਚੁੱਕੇ ਹਾਂ ਅਤੇ ਉਨ੍ਹਾਂ ਦੀਆਂ ਦਾਤਾਂ ਨੂੰ ਕੇਵਲ ਚਿੰਨ੍ਹ ਸਮਝੀ ਬੈਠੇ ਹਾਂ।

ਬਲਿਹਾਰੀ ਗੁਰ ਆਪਣੇ ਦਿਓਹਾੜੀ ਸਦ ਵਾਰ॥

*ਕੀ ਅਸੀਂ ਇਸ ਵਿਰਸੇ ਦੇ ਯੋਗ ਉਤਰਾਧਿਕਾਰੀ ਹਾਂ?*

ਉਨ੍ਹਾਂ ਦੇ ਖ਼ੂਨ 'ਤੇ ਜੀਅ ਕੇ ਉਨ੍ਹਾਂ ਦੀ ਪਿੱਠ 'ਚ ਛੁਰਾ ਖੋਭਣਾ ਚਾਹੁੰਦੇ ਹਾਂ?

ਜਸਕੀਰਤ। ਲਾਹੌਰ ਰੇਲਵੇ ਸਟੇਸ਼ਨ ਤੋਂ ਇਕ ਕਿਲੋਮੀਟਰ ਦੂਰ ਭਾਈ ਤਾਰੂ ਸਿੰਘ

ਜੀ ਦੀ ਯਾਦ ਵਿਚ ਇਕ ਪਵਿੱਤਰ ਗੁਰਦਵਾਰਾ ਹੈ, ਜਿਸ ਦਾ ਨਾਂ ਸ਼ਹੀਦ ਗੰਜ ਹੈ। ਭਾਈ ਸਾਹਿਬ ਦਾ ਪਿੰਡ ਪੂਹਲਾ ਸੀ ਜਿਥੇ ਉਨ੍ਹਾਂ ਦੀ ਥੋੜ੍ਹੀ ਜਿਹੀ ਜ਼ਮੀਨ ਸੀ, ਉਹ ਜੋ ਦਾਣਾ-ਫੱਕਾ ਕਮਾਉਂਦਾ ਅਤੇ ਆਪਣੀ ਕੱਚੀ ਕੋਠੜੀ ਵੀ, ਲੋੜ ਵੰਦਾਂ ਤੇ ਥੱਕੇ ਟੁੱਟੇ ਯਾਤਰੂਆਂ ਨਾਲ, ਜਿਨ੍ਹਾਂ ਨੂੰ ਅਰਾਮ ਵਾਸਤੇ ਲੋੜ ਹੁੰਦੀ ਸਾਂਝੀ ਕਰਦਾ । ਦਿਨ ਰਾਤ ਭਜਨ ਕਰਦਾ। ਸਵੇਰੇ ਤੜਕਸਾਰ ਤਾਰਿਆਂ ਦੀ ਲੋਅ 'ਚ ਚਿੱਟੀ ਪੱਗ 'ਤੇ ਨੀਲਾ ਚੋਲਾ ਪਾ ਕੇ ਇਹ ਗ਼ਰੀਬ ਕਾਮਾ ਹਲ ਵਾਹੁੰਦਾ ਹੋਇਆ ਜਪੁਜੀ ਸਾਹਿਬ ਦਾ ਪਾਠ ਕਰਦਾ, ਜਿਸ ਵਿਚ ਕਿ ਸਾਰੇ ਬ੍ਰਹਮ ਦਾ ਗਿਆਨ ਹੈ।

ਪਿੰਡ ਵਾਲੇ ਤਾਰੂ ਸਿੰਘ ਨੂੰ ਉਸ ਦੇ ਚੰਗੇ ਸਾਥੀ ਅਤੇ ਆਤਮਿਕ ਤੌਰ 'ਤੇ ਉੱਚੇ-ਸੁੱਚੇ ਹੋਣ ਕਰਕੇ ਪਿਆਰ ਕਰਦੇ ਸਨ, ਪਰ ਸਿੱਖ ਹੋਣ ਕਰਕੇ ਤਾਰੂ ਸਿੰਘ ਇਹ ਪਿਆਰ ਵਾਲੀ ਅਤੇ ਜ਼ਾਤ-ਪਾਤ ਤੇ ਰੰਗ ਮਜ਼ਹਬ ਦੀ ਨਫ਼ਰਤ ਤੋਂ ਮੁਕਤ ਜ਼ਿੰਦਗੀ ਬਤੀਤ ਨਹੀਂ ਸੀ ਕਰ ਸਕਦਾ । ਮੱਧ ਕਾਲੀ ਭਾਰਤ ਦੀ ਜ਼ਾਬਰ ਹਕੂਮਤ ਸਿੱਖਾਂ ਦੇ ਜੀਵਨ ਢੰਗ ਨੂੰ ਪਸੰਦ ਨਹੀਂ ਸੀ ਕਰਦੀ, ਜੋ ਹਿੰਦੂ, ਮੁਸਲਿਮ, ਬ੍ਰਾਹਮਣ ਤੇ ਸੂਦਰ ਵਿੱਚ ਕੋਈ ਫ਼ਰਕ ਨਹੀਂ ਸੀ ਸਮਝਦੇ ।

ਮਾਨਸ ਕੀ ਜਾਤਿ ਸਬੈ ਏਕੈ ਪਹਿਚਾਨਬੋ ।।

"ਸਾਰੇ ਮਨੁੱਖ ਬਰਾਬਰ ਹਨ" ਇਕ ਅਜੇਹਾ ਧਰਮ ਸੀ, ਜਿਸ ਨੇ ਮੁਗ਼ਲ ਸਾਮਰਾਜ ਦੇ ਜੜ੍ਹੀਂ ਤੇਲ ਦੇ ਦਿੱਤਾ, ਜੋ ਸਥਾਪਿਤ ਹੀ ਮਨੁੱਖੀ ਵਿਤਕਰੇ ਤੋਂ ਹੋਈ ਸੀ। ਇਸ ਪਿਆਰ ਦੀ ਕਾਰਾਗਰੀ ਨੂੰ ਖ਼ਤਮ ਕਰਨ ਲਈ ਸਿੱਖਾਂ ਨੂੰ ਬਾਗ਼ੀ ਐਲਾਨ ਕੀਤਾ ਗਿਆ ਅਤੇ ਉਨ੍ਹਾਂ ਦੇ ਸਿਰਾਂ ਦੇ ਮੁੱਲ ਰਖੇ ਗਏ। ਸੋਨੇ (ਮੋਹਰਾਂ) ਦੇ ਲਾਲਚ ਲੱਗ ਭਗਤ ਨਿਰੰਗੀ, ਲਾਹੌਰ ਦੇ ਸੂਬੇ-ਦਾਰ ਅੱਗੇ ਜਾ ਪੇਸ਼ ਹੋਇਆ ਤੇ ਤਾਰੂ ਸਿੰਘ ਦੀ ਸ਼ਿਕਾਇਤ ਕੀਤੀ ਕਿ ਉਹ ਡਾਕੂਆਂ (ਸਿੱਖਾਂ) ਨੂੰ ਸ਼ਰਨ ਦਿੰਦਾ ਹੈ ਅਤੇ ਹਿੰਦੂ,ਮੁਸਲਿਮ ਪਰਜਾ ਦੀ ਸੰਪਤੀ ਸੁਰੱਖਿਅਤ ਨਹੀਂ।

ਅਜੇਹੀ ਸ਼ਿਕਾਇਤ ਦੀ ਵੀ ਲੋੜ ਨਹੀਂ ਸੀ ਕਿਉਂਕਿ ਸਿੱਖ ਹੋਣਾ ਹੀ ਕਾਫ਼ੀ ਸੀ, ਉਥੋਂ ਦੀਆਂ ਫ਼ੌਜਾਂ ਲਈ ਤਾਰੂ ਸਿੰਘ ਨੂੰ ਫੜ ਕੇ ਕੈਦ ਕਰਨ ਲਈ। ਤਾਰੂ ਸਿੰਘ ਨੂੰ ਰੱਸਿਆਂ ਨਾਲ ਬੰਨ੍ਹ ਕੇ ਸੂਬੇਦਾਰ ਸਾਹਮਣੇ ਪੇਸ਼ ਕੀਤਾ ਗਿਆ, ਜਦ ਸੂਬੇਦਾਰ ਨੇ ਨੌਜਵਾਨ ਨੂੰ ਦੇਖਿਆ ਤਾਂ ਉਹ ਦੰਗ ਰਹਿ ਗਿਆ। ਉਹ ਹੋਰ ਹੀ ਜਗ 'ਚ ਵਿਚਰਨ ਲੱਗਾ। ਉਸਦੇ ਦੁਆਲੇ ਨੂਰ ਸੀ ਜਿਸ ਨੂੰ ਤੱਕ ਕੇ ਨਵਾਬ ਬੋਲ ਉਠਿਆ , ਹੇ ਖ਼ੁਦਾ...ਕਿੰਨਾਂ ਨੂਰੀ ਚਿਹਰਾ ਹੈ। ਐ ਸੋਹਣੇ ਸਿੱਖਾ! ਮੈਨੂੰ ਤੇਰੇ 'ਤੇ ਤਰਸ ਆਉਂਦਾ ਹੈ ਅਤੇ ਮੈਂ ਤੇਰੀ ਜਾਨ ਬਖ਼ਸ਼ੀ ਚਾਹੁੰਦਾ ਹਾਂ।"

ਤਾਰੂ ਸਿੰਘ ਨੇ ਛਲਕੇ ਨੈਣਾਂ ਨਾਲ ਜਵਾਬ ਦਿੱਤਾ, "ਮੇਰੀ ਜਾਨ ਬਖ਼ਸ਼ਦੇ ਹੋ ? ਮੇਰੇ 'ਤੇ ਇਹ ਕਲੰਕ ਕਿਉਂ ਲਗਾ ਰਹੇ ਹੋ, ਜਦੋਂ ਮੇਰੇ ਭੈਣ,ਭਰਾ, ਆਏ ਦਿਨ ਮੇਰੇ ਸਾਹਮਣੇ ਸ਼ਹੀਦ ਕੀਤੇ ਜਾਂਦੇ ਹਨ। " ਸੂਬੇਦਾਰ ਨੇ ਜਵਾਬ ਦਿੱਤਾ, "ਤੇਰੇ 'ਤੇ ਨੂਰੀ ਜਲਾਲ ਹੈ। ਪਤਾ ਨਹੀਂ

ਕਿਉਂ ਮੇਰਾ ਦਿਲ ਤੁਹਾਨੂੰ ਕਤਲ ਕਰਨਾ ਨਹੀਂ ਚਾਹੁੰਦਾ, ਪਰੰਤੂ ਤੇਰੇ ਲਈ ਆਪਣੇ ਕੇਸਾਂ ਦਾ ਜੂੜਾ ਕੱਟਕੇ ਮੇਰੇ ਅਗੇ ਭੇਂਟ ਕਰਨਾ ਜ਼ਰੂਰੀ ਹੋਵੇਗਾ।"

ਤਾਰੂ ਸਿੰਘ ਨੇ ਉੱਤਰ ਦਿੱਤਾ, "ਸਿੱਖ ਅਤੇ ਉਸ ਦੇ ਕੇਸ ਇੱਕ ਹਨ। ਮੈਂ ਤੁਹਾਡੀ ਮੰਗ ਤੋਂ ਵੀ ਵਧੇਰੇ ਦੇ ਕੇ ਪ੍ਰਸੰਨ ਹੋਵਾਂਗਾ- ਆਪਣਾ ਸਿਰ ਜੂੜੇ ਸਮੇਤ। ਕੇਸ ਗੁਰੂ ਦੀ ਖ਼ਾਲਸੇ ਨੂੰ ਬੇਹੱਦ ਅਨੰਤ ਸੁੰਦਰਤਾ ਦੀ ਸਦੀਵੀਂ/ਅਮਰ ਸੁਗ਼ਾਤ ਹਨ। ਇਹ ਸਿੰਘ ਦੇ ਸਿਰ ਤੋਂ ਉਸਦਾ ਸਿਰ ਅਲੱਗ ਕੀਤੇ ਬਿਨਾਂ ਅਲੱਗ ਨਹੀਂ ਕੀਤੇ ਜਾ ਸਕਦੇ।"

ਜਿਹੜਾ ਇਨ੍ਹਾਂ ਵੱਲ ਕੇਵਲ ਤੱਕਦਾ ਹੀ ਹੈ,ਉਹ ਇਨ੍ਹਾਂ ਨੂੰ ਸਮਝ ਨਹੀਂ ਸਕਦਾ। ਇਹ ਸ਼ੀਸ਼ੇ 'ਚ ਵੇਖਣ ਵਾਂਗ ਹੀ ਹੈ। ਤੁਸੀਂ ਸ਼ੀਸ਼ੇ ਨਾਲ ਨਹੀਂ ਮਿਲ ਸਕਦੇ। ਦਰਸ਼ਨ ਕੇਵਲ ਅਨੁਭਵ ਕਰ ਸਕਦਾ ਹੈ, ਉਹ ਕਦੇ ਸ਼ੀਸ਼ਾ, ਅਨੁਭਵ ਜਾਂ ਇਹ ਅਵਸਥਾ ਬਣ ਸਕਦਾ। ਇਹ ਕੇਸ ਖ਼ੁਸ਼ੀ ਦੇ ਸੋਮੇ ਹਨ, ਸਾਡੇ ਲਈ ਜੀਵਨ ਦੇ ਸੋਮੇ ਹਨ।

ਸੂਬੇਦਾਰ ਅਜੇ ਵੀ ਰਿਸ਼ਵਤ ਦੇਣ ਦੀ ਆਸ ਨਾਲ ਬੋਲਿਆ, "ਤਾਰੂ ਸਿੰਘ ! ਤੂੰ ਅਜੇ ਬਹੁਤ ਛੋਟਾ ਹੈਂ। ਤੂੰ ਅਜੇ ਜੀਵਨ ਦੀ ਸੁੰਦਰਤਾ ਤੇ ਖ਼ੁਸ਼ੀ ਨਹੀਂ ਮਾਣੀ। ਮੈਂ ਤੇਰੀ ਮਰਜ਼ੀ ਦੀ ਔਰਤ ਨਾਲ ਤੇਰਾ ਨਿਕਾਹ ਕਰਨ ਦਾ ਬੰਦੋਬਸਤ ਕਰ ਦੇਵਾਂਗਾ। ਤੈਨੂੰ ਮਨਸਬਦਾਰ ਬਣਾ ਦਿਤਾ ਜਾਵੇਗਾ। ਤੇਰੇ ਨਾਂ ਪੁਸ਼ਤਾਂ ਬੱਧੀ ਜਗੀਰ ਲਗਾ ਦਿੱਤੀ ਜਾਵੇਗੀ। ਮੈਂ ਤੈਨੂੰ ਹਰ ਕਿਸਮ ਦੀ ਐਸ਼ ਦਾ ਵਾਅਦਾ ਦਿੰਦਾ ਹਾਂ, ਪਰ ਤੈਨੂੰ ਆਪਣਾ ਜੀਵਨ ਢੰਗ ਤਿਆਗ ਕੇ ਇਸਲਾਮ ਕਬੂਲ ਕਰਨਾ ਪਵੇਗਾ।"

ਗੁਰੂ ਦਾ ਸਿੱਖ ਕਦੇ ਕਾਬੂ ਨਹੀਂ ਕੀਤਾ ਜਾ ਸਕਦਾ। ਹੁਣ ਅੱਥਰੂਆਂ ਨਾਲ ਅੱਖਾਂ ਵਿਚ ਖ਼ੁਸ਼ੀ ਟਪਕਣ ਲੱਗੀ ਤੇ ਤਾਰੂ ਸਿੰਘ ਨੇ ਜੁਆਬ ਦਿੱਤਾ "ਘਲੇ ਆਵਹਿ ਨਾਨਕਾ ਸਦੇ ਉਠੀ ਜਾਇ।"

ਮਰਨਾ ਬਹਾਦਰਾਂ ਦਾ ਹੱਕ ਹੈ। ਸਿੱਖ ਵਾਸਤੇ ਜ਼ਿੰਦਗੀ ਦਾ ਕੋਈ ਆਦਿ ਅੰਤ ਨਹੀਂ। ਇਹ ਜੀਵਨ ਤੇ ਮੌਤ ਦੋਵੇਂ ਹੀ ਹੈ। ਮੇਰੇ ਜੀਵਨ ਤੇ ਕੇਸਾਂ ਦਾ ਤੁਹਾਡੇ ਦਰਬਾਰ 'ਚ ਸੌਦਾ ਨਹੀਂ ਹੋ ਸਕਦਾ, ਜਿਹੜਾ ਸੁੰਦਰਤਾ, ਜੀਵਨ ਧਰਮ ਨੂੰ ਸੋਨੇ ਨਾਲ ਤੋਲਦਾ ਹੈ। ਸਾਡੇ ਕੇਸਾਂ ਦੀ ਸੁੰਦਰਤਾ ਤੇ ਕਦਰ, ਜਗੀਰਾਂ ਤੇ ਐਸ਼,ਪੈਮਾਨਿਆਂ ਨਾਲ ਨਹੀਂ ਨਾਪੀ ਜਾ ਸਕਦੀ।

ਤੁਹਾਡੀ ਸੋਚ ਪਦਾਰਥਵਾਦੀ ਹੈ ਅਤੇ ਇਸ ਕਰਕੇ ਬੇਮਾਇਨੀ ਹੈ, ਪਰੰਤੂ ਸੰਪੂਰਨ ਜੀਵਨ ਹਮੇਸ਼ਾ ਆਤਮਿਕ ਹੁੰਦਾ ਹੈ।

ਸੂਬੇਦਾਰ ਇਹ ਸੱਚੇ ਦਾ ਤਰਾਨਾ ਬਰਦਾਸ਼ਤ ਨਾ ਕਰ ਸਕਿਆ ਅਤੇ ਚੀਕ ਉਠਿਆ। "ਰੋਕੋ ਇਸ ਨੂੰ-ਇਹ ਸਾਡੇ ਸੂਬੇ ਦੇ ਕਾਨੂੰਨ ਦੀ ਉਲੰਘਣਾ ਕਰਦਾ ਹੈ। ਇਸ ਨੂੰ ਫ਼ੌਰਨ ਮਾਰ

ਦਿਉ। ਪਰੰਤੂ ਪਹਿਲਾਂ ਇਸ ਦੇ ਕੇਸ ਕਤਲ ਕੀਤੇ ਜਾਣ।"

ਮੁਗ਼ਲ ਸਿਪਾਹੀਆਂ ਨੇ ਭਾਈ ਸਾਹਿਬ ਦੇ ਸਿਰ ਤੇ ਠੋਡੀ ਨੂੰ ਫੜ ਲਿਆ, ਪਰੰਤੂ ਨਾਈ ਲਈ ਆਪਣਾ ਹੱਥ ਸਿਰ ਨੇੜੇ ਲਿਆਉਣਾ ਮੁਸ਼ਕਲ ਹੋ ਗਿਆ। ਸਿਰ ਮਾਰਕੇ ਉਹ ਪਕੜਨ ਵਾਲਿਆਂ ਨੂੰ ਦੂਰ ਸੁੱਟ ਦਿੰਦਾ ਅਤੇ ਉਨ੍ਹਾਂ ਦੀ ਚਕਰੀ ਲਵਾ ਦਿੰਦਾ । ਫਿਰ ਇਕ ਮੋਚੀ ਬੁਲਾਇਆ ਗਿਆ, ਆਪਣੇ ਹਥਿਆਰਾਂ ਨਾਲ ਤਾਰੂ ਸਿੰਘ ਦੇ ਕੇਸ ਉਤਾਰੇ, ਪ੍ਰੰਤੂ ਉਸ ਦੀ ਕੋਸ਼ਿਸ਼ ਵੀ ਨਾਕਾਮ ਰਹੀ ।

ਆਖ਼ਰਕਾਰ ਇਕ ਤਰਖਾਣ ਨੂੰ ਇਸ ਮਨਹੂਸ ਕੰਮ ਲਈ ਸੱਦਿਆ ਗਿਆ। ਤੇਸਾ ਮਾਰਕੇ ਉਸਨੇ ਭਾਈ ਸਾਹਿਬ ਦਾ ਸਿਰ ਕੱਟ ਦਿੱਤਾ, ਪਰ ਉਹ ਕੇਸ ਫਿਰ ਵੀ ਨਾ ਕੱਟ ਸਕਿਆ। ਬੰਗਾਲ ਦੇ ਮਹਾਨ ਕਵੀ ਰਵਿੰਦਰ ਨਾਥ ਟੈਗੋਰ ਨੇ ਇਸ ਘਟਨਾ ਦਾ ਬਿਆਨ ਬੜੇ ਸੁੰਦਰ ਰੂਪ ਵਿਚ ਕੀਤਾ ਹੈ-

......ਮੰਗੇ ਤੋਂ ਵੀ ਵੱਧ .......

ਸਿੱਖ ਲਈ ਕੇਸ ਕਟਵਾਣਾ...ਧਰਮ ਤਿਆਗਣ ਤੁਲ ਹੈ।<br>
ਪਠਾਣ ਸਿੱਖ ਕੈਦੀਆਂ ਦੇ ਹੱਥ ਪੈਰ ਬੰਨ੍ਹ ਲਿਆਉਂਦੇ,<br>
ਸ਼ਹੀਦ ਗੰਜ ਦੀ ਧਰਤੀ ਉਨ੍ਹਾਂ ਦੇ ਖ਼ੂਨ ਨਾਲ ਰੰਗੀ ਗਈ<br>
ਤਾਰੂ ਸਿੰਘ ਨੂੰ ਮੁਖ਼ਾਤਿਬ ਹੋ ਨਵਾਬ ਬੋਲਿਆ<br>
"ਮੈਂ ਤੇਰੀ ਜਾਨ ਬਖ਼ਸ਼ੀ ਚਾਹੁੰਦਾ ਹਾਂ ।"<br>
"ਮੇਰੀ ਜਾਨ ਬਖ਼ਸ਼ੀ ?" ਤਾਰੂ ਸਿੰਘ ਬੋਲਿਆ।<br>
"ਮੇਰਾ ਅਪਮਾਨ ਕਿਉਂ ਕਰਦੇ ਹੋ।"

ਨਵਾਬ ਬੋਲਿਆ," ਤੂੰ ਬਹਾਦਰਾਂ ਦਾ ਬਹਾਦਰ ਹੈ, ਮੈਂ ਤੇਰੇ 'ਤੇ ਆਪਣਾ ਗੁੱਸਾ ਕੱਢਣਾ ਨਹੀਂ ਚਾਹੁੰਦਾ।" ਫਿਰ ਬੋਲੇ ਤਾਰੂ ਸਿੰਘ, "ਮੈਂ ਨਵਾਬ ਉਨ੍ਹਾਂ ਦੀ ਬੇਨਤੀ ਹੀ ਸਵੀਕਾਰ ਨਹੀਂ ਕਰਦਾ, ਸਗੋਂ ਦਿਲ ਖੋਲ੍ਹ ਕੇ ਵਧੇਰੇ ਬਖ਼ਸ਼ਦਾ ਹਾਂ, ਉਸ ਨਾਲੋਂ ਵੀ ਵੱਧ, ਜੋ ਕੁਝ ਤੁਸੀਂ ਮੈਥੋਂ ਮੰਗਦੇ ਹੋ।"

ਮੇਰਾ ਸੀਸ...ਕੇਸਾਂ ਸਮੇਤ।

ਜਸਕੀਰਤ, ਜੇ ਭਾਈ ਤਾਰੂ ਸਿੰਘ ਵੀ ਵਿਹਾਰਕ ਉਪਯੋਗਤਾ, ਮਹੱਤਤਾ ਤੇ ਪ੍ਰਸੰਗਕਿਤਾ ਪਿਛੇ ਲਗਦਾ, ਤਾਂ ਕੀ ਉਹ ਕੇਸਾਂ ਦੀ ਬਦਲ 'ਚ ਜਗੀਰਾਂ, ਸੁੰਦਰ ਔਰਤਾਂ ਤੇ ਤਾਕਤ, ਜੋ ਉਸ ਨੂੰ ਪੇਸ਼ ਕੀਤੀ ਗਈ ਸੀ, ਨਾ ਲੈ ਲੈਂਦਾ ? ਪਰੰਤੂ ਇਸ ਸਭ ਕੁਝ ਨੂੰ ਉਸਨੇ ਵਿਅਰਥ

ਸਮਝਿਆ, ਜਦ ਇਨ੍ਹਾਂ ਨੂੰ ਆਪਣੇ ਜੀਵਨ ਢੰਗ ਨਾਲ ਤੋਲਿਆ। ਜੇ ਕੇਸ ਉਸ ਲਈ ਚਿੰਨ੍ਹ ਹੀ ਹੁੰਦੇ, ਤਾਂ ਕੀ ਉਹ ਉਨ੍ਹਾਂ ਲਈ ਜਾਨ ਦੀ ਬਾਜ਼ੀ ਲਾ ਦਿੰਦਾ ? ਚਿੰਨ੍ਹ ਸ਼ਬਦ ਇਨ੍ਹਾਂ ਸੁਗ਼ਾਤਾਂ ਜਾਂ ਦਾਤਾਂ ਦੀ ਡੂੰਘਾਈ ਤੇ ਗਹਿਰਾਈ ਨੂੰ ਵਰਨਣ ਨਹੀਂ ਕਰ ਸਕਦਾ।

ਤੁਹਾਨੂੰ ਕਦੇ ਫ਼ਰਜ਼ ਦਾ ਪਾਬੰਦ ਪੁਲਸੀਆਂ ਨਹੀਂ ਮਿਲੇਗਾ, ਜੋ ਟ੍ਰੈਫਿਕ ਦੀਆਂ ਬੱਤੀਆਂ ਅਤੇ ਕਾਂਟਿਆਂ ਆਦਿ ਨੂੰ ਯਥਾ ਪੂਰਵ ਰੱਖਣ ਲਈ ਮੌਤ ਦੇ ਮੂੰਹ ਪਵੇ, ਕਿਉਂਕਿ ਇਹ ਤਾਂ ਸੜਕ 'ਤੇ ਚੱਲ ਰਹੀਆਂ ਕਾਰਾਂ ਮੋਟਰਾਂ ਲਈ ਇਕ ਚਿੰਨ੍ਹ ਹੈ। ਇਹ ਉਸ ਦੀ ਜ਼ਿੰਦਗੀ ਦਾ ਬਾਹਰਲਾ ਪਹਿਲੂ ਹੈ, ਪਰੰਤੂ ਸਾਡੇ ਪੰਜੇ ਕਕਾਰ ਇਨ੍ਹਾਂ ਚਿੰਨ੍ਹਾਂ ਨਾਲੋਂ ਕਿਤੇ ਵੱਧ ਡੂੰਘੇ ਤੇ ਗੰਭੀਰ ਹਨ, ਇਸੇ ਕਰਕੇ ਇਕੱਲੇ ਭਾਈ ਤਾਰੂ ਸਿੰਘ ਹੀ ਨਹੀਂ, ਇਤਿਹਾਸ 'ਚ ਸ਼ਹੀਦਾਂ ਦੀ ਲੜੀ ਲੱਗੀ ਪਈ ਹੈ-ਭਾਈ ਮਤੀ ਦਾਸ, ਦਿਆਲ ਚੰਦ, ਭਾਈ ਮਨੀ ਸਿੰਘ, ਭਾਈ ਬੋਤਾ ਸਿੰਘ, ਮਹਿਤਾਬ ਸਿੰਘ, ਸੁੱਖਾ ਸਿੰਘ ਤੇ ਸੁਬੇਗ ਸਿੰਘ ਸਭ ਆਪਣੀਆਂ ਜਾਨਾਂ 'ਤੇ ਖੇਲ ਗਏ ਜੋ ਸਾਨੂੰ ਘੋਥਵਾ ਤੇ ਭਾਵੀ ਦਾ ਭਾਣਾ ਲਗਦਾ ਹੈ।

ਜਸਕੀਰਤ ਤੂੰ ਪੰਜਾਂ ਕਕਾਰਾਂ ਨੂੰ ਬਿਖੇਰ ਕੇ ਪੜ੍ਹਦਾ ਹੈਂ। ਇਨ੍ਹਾਂ ਨੂੰ ਆਪਣੇ ਵੱਡੇ-ਵਡੇਰਿਆਂ ਨਾਲ ਜੋੜਨ ਵਾਲੀਆਂ ਕੜੀਆਂ ਸਮਝ, ਤਦੇ ਹੀ ਤੈਨੂੰ ਇਨ੍ਹਾਂ ਦਾ ਮਤਲਬ ਸਮਝ ਪਵੇਗਾ।

ਆਪਣੇ ਆਪ 'ਚ ਪੰਜ ਕਕਾਰ ਸ਼ਾਇਦ ਕੇਵਲ ਵਿਖਾਵੇ ਦੇ ਚਿੰਨ੍ਹ ਹੀ ਲੱਗਣ, ਪ੍ਰੰਤੂ ਜਦੋਂ ਇਹ ਆਪਣੀਆਂ ਜ਼ਿੰਦਗੀਆਂ ਨਾਲ ਮੇਲੇ ਜਾਂਦੇ ਹਨ, ਉਦੋਂ ਇਨ੍ਹਾਂ ਦੀ ਕੀਮਤ, ਵਾਜਬ ਅਤੇ ਮਹੱਤਵ ਸਾਹਮਣੇ ਆਉਂਦੇ ਹਨ। ਇਹ ਆਪਣੀ ਜ਼ਿੰਦਗੀ ਨਾਲੋਂ ਤੋੜੇ ਨਹੀਂ ਜਾ ਸਕਦੇ। ਜੇ ਇਨ੍ਹਾਂ ਨੂੰ ਤੁਸੀਂ ਅਲੱਗ ਸਮਝਦੇ ਹੋ, ਤਾਂ ਇਹ ਹੈਰਾਨੀ ਵਾਲੀ ਗੱਲ ਨਹੀਂ ਕਿ ਤੁਹਾਨੂੰ ਮਾਮੂਲੀ, ਅਯੋਗ ਅਤੇ ਬੀਤੇ ਦਾ ਬੋਝ ਹੀ ਲੱਗਣ। ਅਗਰ ਤੁਸੀਂ ਦੁਖ ਵਿੱਚ ਹੋ ਤਾਂ ਇਸ ਕਰਕੇ, ਜੋ ਹੋਂਦ ਲਈ ਜ਼ਰੂਰੀ ਹੈ ਤੁਸੀਂ ਉਸ ਤੋਂ ਦੂਰ ਹੋਣਾ ਚਾਹੁੰਦੇ ਹੋ।

ਮੰਦੇ ਭਾਗਾਂ ਨਾਲ ਤੁਸੀਂ ਸੰਪੂਰਨਤਾ ਦਾ ਇਕ ਅੰਸ਼ ਹੀ ਵੱਖਰੇ ਕਰਕੇ ਤੱਕਿਆ ਹੈ। ਤੁਸੀਂ ਦੀਵਾਰ ਵਿਚਲੀ ਛੋਟੀ ਖਿੜਕੀ ਵਿਚੋਂ ਦੀ ਦੇਖ ਰਹੇ ਹੋ, ਜਿਸ ਵਿਚੋਂ ਦੀ ਕੁਝ ਸਮੇਂ ਲਈ ਭਾਵੇਂ ਬਾਹਰਲਾ ਨਜ਼ਾਰਾ ਦਿਲ ਖਿੱਚਵਾਂ ਤੇ ਮੰਨਣ ਯੋਗ ਲੱਗੇ। ਪਰੰਤੂ ਇਹ ਤੁਹਾਨੂੰ ਜੀਵਨ ਦੀ ਸੁੰਦਰਤਾ ਨਹੀਂ ਵੇਖਣ ਦਿੰਦਾ। ਇਨ੍ਹਾਂ ਪਿਆਰ ਗਹਿਣਿਆਂ ਨੂੰ ਆਪਣੀ ਨੈਤਿਕ ਹੋਂਦ ਨਾਲ ਜੋੜੇ ਬਿਨਾਂ, ਤੁਸੀਂ ਸਮੁੱਚਾ ਭਾਵ ਨਹੀਂ ਸਮਝ ਸਕਦੇ।

ਇਸੇ ਕਰਕੇ ਤੁਸੀਂ ਦੁਖੀ ਰਹਿੰਦੇ ਹੋ ਅਤੇ ਜਦੋਂ ਤੁਹਾਡਾ ਅੰਤ ਆਵੇਗਾ ਤੁਸੀਂ ਉਦੋਂ ਵੀ ਹਨੇਰੇ ਵਿੱਚ ਹੱਥ ਮਾਰਦੇ ਫਿਰੋਗੇ। ਤੁਹਾਡੇ ਪੱਲੇ ਝੋਰਿਆਂ ਅਤੇ ਕੋਰੇ ਸ਼ਬਦਾਂ ਤੋਂ ਸਿਵਾਏ

ਕੁਝ ਨਹੀਂ ਹੋਵੇਗਾ, ਜੇ ਗੁਰੂ ਦੇ ਦੱਸੇ ਰਾਹ 'ਤੇ ਚੱਲੋਗੇ, ਤਾਂ ਹਨੇਰੇ ਨੂੰ ਛੱਡ ਕੇ ਸਮੁੱਚੇ ਜੀਵਨ ਢੰਗ ਨੂੰ ਪਿਆਰ ਕਰੋਗੇ, ਜੇ ਤੁਸੀਂ ਗੁਰੂ ਦੀਆਂ ਦਾਤਾਂ ਨਾਲ ਅਟੁੱਟ ਪਿਆਰ ਨਹੀਂ ਕਰਦੇ, ਤਾਂ ਤੁਸੀਂ ਮਹਿਕ-ਰਹਿਤ ਫੁੱਲਾਂ ਵਾਂਗ ਹੋ, ਜਿਹੜੇ ਮਿੱਟੀ 'ਚ ਰੁਲਦੇ ਫਿਰਦੇ ਹਨ ਅਤੇ ਜਣੇ-ਖਣੇ ਦੇ ਪੈਰਾਂ ਹੇਠ ਦੱਬੇ ਕੁਚਲੇ ਜਾਂਦੇ ਹਨ। ਰੱਬ ਨੂੰ ਉਹੀ ਪਿਆਰ ਕਰ ਸਕਦਾ ਹੈ, ਜਿਸਨੇ ਹਉਮੈ, ਤਿਆਗ, ਆਪਾ-ਭਾਵ ਮਿਟਾ ਦਿਤਾ ਅਤੇ ਚੇਤੰਨਤਾ ਪੈਦਾ ਕਰ ਲਈ। ਮੈਂ-ਮੇਰੀ, ਮੇਰੀ ਦੀ ਦੀਵਾਰ ਜਨਮ ਤੋਂ ਹੀ ਸਾਡੇ ਦੁਆਲੇ ਉਸਰਨੀ ਸ਼ੁਰੂ ਹੋ ਜਾਂਦੀ ਹੈ। ਅਖ਼ੀਰ ਨੂੰ ਅਸੀਂ ਇਕੱਠੇ ਹੀ ਬਿਪਤਾ 'ਚ ਉਲਝ ਕੇ ਮੋਇਆਂ ਸਮਾਨ ਹੋ ਜਾਂਦੇ ਹਾਂ।

ਗਿਆਨ ਜ਼ਿੰਦਗੀ ਦਾ ਮਾਮੂਲੀ ਹਿੱਸਾ ਹੈ-ਇਹ ਸਭ ਕੁਝ ਨਹੀਂ ਜਦੋਂ ਇਹ ਅੱਜ ਕਲ੍ਹ ਵਾਂਗ ਪੂਰਨ-ਮਹੱਤਵ ਗ੍ਰਹਿਣ ਕਰ ਲੈਂਦਾ ਹੈ, ਤਾਂ ਸਾਡੀ ਜ਼ਿੰਦਗੀ ਬਣਾਵਟੀ ਅਤੇ ਥੋਥੀ ਜਿਹੀ ਬਣ ਜਾਂਦੀ ਹੈ, ਜਿਸ ਤੋਂ ਬਚਣ ਲਈ ਆਦਮੀ ਯਤਨ ਕਰਦਾ ਹੈ। ਪਰੰਤੂ ਅਜੇਹੇ ਬਚਾ ਦੇ ਨਤੀਜੇ ਵੀ ਖ਼ਤਰਨਾਕ ਨਿਕਲਦੇ ਹਨ।

ਗਿਆਨ ਤਾਂ ਹਨੇਰੀਆਂ ਰਾਤਾਂ ਲਈ ਮਿੱਟੀ ਦੇ ਤੇਲ ਵਾਲਾ ਲੈਂਪ ਹੈ ਜਿਹੜਾ ਉਦੋਂ ਹੀ ਚਾਨਣ ਕਰ ਸਕਦਾ ਹੈ, ਜਦ ਇਸ 'ਚ ਤੇਲ ਹੈ। ਜ਼ਿੰਦਗੀ ਇਸ ਤੋਂ ਕਿਤੇ ਡੂੰਘੀ ਤੇ ਵਿਸ਼ਾਲ ਹੈ। ਇਹ ਬੁਝਣ ਵਾਲੇ ਦੀਵੇ ਦੀ ਮਦਦ ਨਾਲ ਨਹੀਂ ਜੀਵੀ ਜਾ ਸਕਦੀ।

ਗਿਆਨ ਸਾਡੇ ਨਿਤਾਪ੍ਰਤੀ ਵਜੂਦ ਲਈ ਜ਼ਰੂਰੀ ਹੈ, ਜਿਵੇਂ ਪੈਸਾ ਖਾਦ ਖ਼ੁਰਾਕ ਖ਼ਰੀਦਣ ਲਈ, ਪਰੰਤੂ ਇਹ ਪਿਆਰ ਦੇ ਸੱਚ ਅਤੇ ਆਤਮਾ-ਪ੍ਰਮਾਤਮਾ ਦਾ ਭੇਦ ਨਹੀਂ ਪਾ ਸਕਦਾ।

ਪਿਆਰ ਅਕਲ ਦੇ ਜਾਲ ਦੀ ਕੁੰਡੀ ਨਹੀਂ, ਜੇ ਤੁਸੀਂ ਗਿਆਨ ਆਸਰੇ ਪਿਆਰ ਸਮਝਣ ਲੱਗੋਗੇ ਤਾਂ ਇਹ ਪਾਣੀ ਤੋਂ ਬਾਹਰ ਮੱਛੀ ਵਾਂਗ ਮਰ ਜਾਇਗਾ। ਪਿਆਰ ਕਾਇਮ ਰੱਖਣ ਲਈ ਗਿਆਨ ਪਿੱਛੇ ਛੱਡ ਦੇਣਾ ਚਾਹੀਦਾ ਹੈ। ਮਸ਼ੀਨੀ ਗਿਆਨ ਦੇ ਬੋਝ ਹੇਠ ਤੁਸੀਂ ਇਸ ਅਦਭੁੱਤਤਾ ਦਾ ਸਹੀ ਅਨੁਭਵ ਨਹੀਂ ਲਗਾ ਸਕਦੇ।

ਗਿਆਨ ਦੀ ਰੌਸ਼ਨੀ ਤਾਂ ਇਕ ਪਰਦਾ ਹੈ, ਜਿਸ ਥੱਲੇ ਸੱਚ ਦਾ ਭੰਡਾਰ ਹੈ, ਗਿਆਨ ਉਥੇ ਤੱਕ ਨਹੀਂ ਪਹੁੰਚ ਸਕਦਾ। ਗਿਆਨ ਪੂਜਾ ਤਾਂ ਇਕ ਰਸਮੀ ਯਾਤਰਾ ਬਣ ਚੁਕੀ ਹੈ, ਜਿਹੜੀ ਜ਼ਿੰਦਗੀ ਦੇ ਦਵੰਧ ਅਤੇ ਦੁਖ ਦਾ ਨਿਸਤਾਰਾ ਨਹੀਂ ਕਰ ਸਕਦੀ। ਕੇਵਲ ਗਿਆਨ ਭਾਵੇਂ ਉਹ ਕਿੰਨੀ ਵੀ ਤੀਬਰਤਾ ਨਾਲ ਸਿੱਖਿਆ ਹੋਵੇ, ਜਾਂ ਚਤੁਰਾਈ ਨਾਲ ਇਕੱਤਰ ਕੀਤਾ ਹੋਵੇ, ਪੰਜਾਂ ਕਕਾਰਾਂ ਦਾ ਭਾਵ ਨਹੀਂ ਸਮਝ ਸਕਦਾ। ਜੇ ਤੁਸੀਂ ਖ਼ਿਆਲ ਕਰਦੇ ਹੋ ਕਿ ਅਜੇਹਾ ਹੋ ਸਕਦਾ ਹੈ, ਤਾਂ ਤੁਸੀਂ ਨਿਰਾਸ਼ਤਾ ਅਤੇ ਦੁੱਖ ਨੂੰ ਸੱਦਾ ਦੇ ਰਹੇ ਹੋ। ਤੁਸੀਂ ਗ੍ਰਹਿਆਂ, ਉਪ ਗ੍ਰਹਿਆਂ ਦੀ ਗਤੀ ਜਾਣਦੇ ਹੋਏ ਵੀ ਦੁੱਖ, ਈਰਖਾ ਆਦਿ ਤੋਂ ਮੁਕਤ ਨਹੀਂ ਹੋ ਸਕਦੇ।

ਇਨ੍ਹਾਂ ਦਾਤਾਂ ਨੂੰ ਜਾਨਣ ਲਈ, ਸੱਚ ਦੀ ਕਦਰ ਪਾਉਣ ਲਈ ਅਤੇ ਰੱਬ ਨਾਲ ਇਕ ਹੋਣ ਲਈ ਤੁਹਾਨੂੰ ਆਪਣੀ ਸੋਚ ਦਾ ਦਾਅਵਾ ਛੱਡਣਾ ਪਵੇਗਾ-"ਸੋਚੈ ਸੋਚਿ ਨਾ ਹੋਵਈ...." ਮਨੁੱਖ ਕਾਦਰ ਨੂੰ ਆਪਣੀ ਸੋਚ ਨਾਲ ਨਹੀਂ ਸਮਝ ਸਕਦਾ। ਜੇ ਤੁਸੀਂ ਜੀਵਨ ਦਾ ਗਿਆਨ ਇਕੱਠਾ ਕਰ ਲਿਆ ਹੈ, ਤਾਂ ਇਹ ਤੁਹਾਡੇ ਜੀਵਨ ਨਾਲੋਂ ਵੀ ਜ਼ਿਆਦਾ ਮਹੱਤਵ ਧਾਰਨ ਕਰ ਲੈਂਦਾ ਹੈ। ਜੇ ਤੁਸੀਂ ਇਨ੍ਹਾਂ ਦਾਤਾਂ ਨੂੰ ਸਮਝਣਾ ਚਾਹੁੰਦੇ ਹੋ, ਤਾਂ ਸਭ ਕੁਝ ਠੀਕ ਹੋ ਸਕਦਾ ਹੈ। ਇਨ੍ਹਾਂ ਅਨੁਸਾਰ ਜੀਵੋ। ਆਪੇ ਸਭ ਕੁਝ ਸੁਝ ਪਵੇਗਾ :

ਹੁਕਮੈ ਅੰਦਰਿ ਸਭ ਕੋ
ਬਾਹਰਿ ਹੁਕਮ ਨਾ ਕੋਇ।।
ਨਾਨਕ ਹੁਕਮੈ ਜੇ ਬੁਝੈ ਤ
ਹਉਮੈ ਕਹੈ ਨ ਕੋਇ ।।

ਪਰਮ ਪੁਰਖ ਦੀ ਇਹ ਇੱਛਾ ਸੀ ਕਿ ਅਸੀਂ ਇਨ੍ਹਾਂ ਨਾਲ ਸਜ-ਧੱਜ ਕੇ ਰਹੀਏ ਅਤੇ ਅਜੇਹਾ ਹੀ ਹੋਵੇਗਾ। ਸਾਡੀਆਂ ਇਹ ਦਾਤਾਂ ਕੋਈ ਧਰਮ ਚਿੰਨ੍ਹ ਜਾਂ ਧਰਮ ਦਾ ਜ਼ਰੂਰੀ ਰਸਮੋ ਰਿਵਾਜ਼ ਨਹੀਂ। ਗਿਣੇ ਮਿਣੇ ਰੀਤੀ ਰਿਵਾਜ਼, ਜਾਦੂ ਟੂਣੇ, ਹੱਠ ਯੋਗ, ਤੀਰਥ ਯਾਤਰਾਵਾਂ ਜਾਂ ਦਿਖਾਵੇ ਦੇ ਚਿੰਨ੍ਹਾਂ 'ਤੇ ਚਲਣਾ ਸਿੱਖੀ ਦੀ ਮਰਯਾਦਾ ਨਹੀਂ।

ਸਿੱਖਾਂ ਨੇ ਇਨ੍ਹਾਂ ਦਾ ਕੇਵਲ ਖੰਡਨ ਹੀ ਨਹੀਂ ਕੀਤਾ, ਸਗੋਂ ਗੁਰਬਾਣੀ 'ਚ ਤਾਂ ਬਹੁਤ ਸ਼ਬਦ ਹਨ, ਜੋ ਇਨ੍ਹਾਂ ਰਸਮਾਂ ਤੇ ਭੇਖਾਂ ਦੇ ਵਿਰੁੱਧ ਹਨ। ਇਸ ਤੋਂ ਵੱਧ ਵੀ ਕੋਈ ਚਿੰਨ੍ਹਾਂ ਦੇ ਖਿਲਾਫ਼ ਕਹਿ ਸਕਦਾ ਹੈ ? ਥੋਥੇ ਚਿੰਨ੍ਹਾਂ ਦੇ ਉਹ ਕਿੰਨਾ ਕੁ ਵਿਰੁੱਧ ਸਨ, ਇਸ ਦਾ ਅਨੁਮਾਨ ਇਨ੍ਹਾਂ ਸਤਰਾਂ ਤੋਂ ਲਗਾਇਆ ਜਾ ਸਕਦਾ ਹੈ :

ਮਥੈ ਟਿਕਾ ਤੇੜਿ ਧੋਤੀ ਕਖਾਈ,
ਹਥਿ ਛੁਰੀ ਜਗਤ ਕਾਸਾਈ।।

ਰਸਮੀ ਪਹਿਰਾਵੇ ਦਾ ਗੁਰੂ ਗੋਬਿੰਦ ਸਿੰਘ ਜੀ ਨੇ ਚੰਗਾ ਪਾਜ ਉਘਾੜਿਆ ਹੈ। ਅਕਾਲ ਉਸਤਤ ਵਿਚ ਆਪ ਜੀ ਲਿਖਦੇ ਹਨ-

ਕਾਹੂ ਲੈ ਪਾਹਨ ਪੂਜ ਧਰਯੋ ਸਿਰ
ਕਾਹੂ ਲੈ ਲਿੰਗ ਗਰੇ ਲਟਕਾਇਓ।।
ਕਾਹੂ ਲਖਿਓ ਹਰਿ ਅਵਾਚੀ ਦਿਸਾ ਮਹਿ
ਕਾਹੂ ਪਛਾਹ ਕੋ ਸੀਸੁ ਨਿਵਾਇਓ।।
ਕੋਊ ਬੁਤਾਨ ਕੋ ਪੂਜਤ ਹੈ ਪਸੁ
ਕੋਊ ਮ੍ਰਿਤਾਨ ਕੋ ਪੂਜਨ ਧਾਇਓ ।।

ਕੂਰ ਕ੍ਰਿਆ ਉਰਝਿਓ ਸਭ ਹੀ ਜਗ
ਸ੍ਰੀ ਭਗਵਾਨ ਕੋ ਭੇਦੁ ਨ ਪਾਇਓ ॥

ਭੰਗਾਣੀ ਦਾ ਜੰਗ ਜਿੱਤਣ ਤੋਂ ਬਾਦ ਗੁਰੂ ਗੋਬਿੰਦ ਸਿੰਘ ਜੀ ਨੇ ਪੀਰ ਬੁੱਧੂ ਸ਼ਾਹ ਨੂੰ ਉਸਦੀ ਕੁਰਬਾਨੀ ਬਦਲੇ ਕ੍ਰਿਪਾਨ ਤੇ ਕੰਘੇ ਦੀ (ਜਿਸ ਵਿਚ ਗੁਰੂ ਸਾਹਿਬ ਦੇ ਟੁੱਟੇ ਕੇਸ ਅੜੇ ਹੋਏ ਸਨ) ਬਖ਼ਸ਼ਿਸ਼ ਕੀਤੀ, ਨਾ ਕਿ ਖਜ਼ਾਨਿਆਂ ਜਾਂ ਹਾਥੀਆਂ ਦੀ, ਜਿਹਾ ਕਿ ਸਮੇਂ ਦਾ ਰਿਵਾਜ਼ ਸੀ। ਇਨ੍ਹਾਂ ਦਾਤਾਂ ਨੂੰ ਅਜੇ ਵੀ ਨਾਭਾ ਰਿਆਸਤ ਵਿਚ ਪਵਿੱਤਰ ਯਾਦਗਾਰ ਦੇ ਤੌਰ 'ਤੇ ਸੰਭਾਲ ਕੇ ਰੱਖਿਆ ਹੋਇਆ ਹੈ।

ਇਸ ਗੱਲ ਦੇ ਬਾਵਜੂਦ ਵੀ ਸਾਡੀਆਂ ਜ਼ਿੰਦਗੀਆਂ ਉਸ ਕੁਰਬਾਨੀ ਦੀ ਭਲਾਈ 'ਚ ਨਹੀਂ ਢਲੀਆਂ, ਸਾਨੂੰ ਵੀ ਉਹੀ ਹੀਰੇ ਜਵਾਹਰਾਤਾਂ ਦੀ ਬਖਸ਼ਿਸ਼ ਕੀਤੀ ਗਈ, ਜਿੰਨ੍ਹਾਂ ਦੀ ਨਕਲ ਸੰਸਾਰ 'ਤੇ ਕੋਈ ਵੀ ਹੁਨਰਵਾਨ, ਵਿਦਵਾਨ ਜਾਂ ਜੌਹਰੀ ਨਹੀਂ ਕਰ ਸਕਦਾ। ਸਾਡੀਆਂ ਇਹ ਦਾਤਾਂ ਕਿਸੇ ਪਹੁੰਚੀ ਅਵਸਥਾ ਦੇ ਨਗ ਚਿੰਨ੍ਹ ਹਨ-ਸਾਡੇ ਰੱਬੀ ਜੋਤ ਸਰੂਪ ਹੋਣ ਦਾ/ਅਤੇ ਕੇਸਾਂ ਦਾ ਜੂੜਾ ਮਨੁੱਖਤਾ ਦਾ, ਆਤਮਿਕ ਮੁਕਟ ਹੈ।

ਜਸਕੀਰਤ, ਮੈਥੋਂ ਕੇਸਾਂ ਦੀ ਮਹੱਤਤਾ, ਕੀਮਤ ਜਾਂ ਸ਼ਕਤੀ ਬਾਰੇ ਨਾ ਪੁੱਛ। ਮੈਂ ਇਹ ਦੱਸਣ ਤੋਂ ਅਸਮਰੱਥ ਹਾਂ। ਸਾਡੇ ਕੇਸਾਂ ਦੀਆਂ ਘਾਟੀਆਂ ਤੇ ਪਰਬਤਾਂ 'ਚ ਸਦੀਵੀ ਅਨੰਦ ਵਿਚਰਦਾ ਹੈ।

-ਸਾਡੇ ਕੇਸਾਂ ਦੀ ਸੁੰਦਰਤਾ 'ਚ ਨੌਕਾਵਾਂ ਉਤਰਦੀਆਂ ਹਨ।

-ਸਾਡੇ ਦੈਵੀ ਕੇਸਾਂ 'ਚੋਂ ਫ਼ਿਕੀਆਂ ਜ਼ਿੰਦਗੀਆਂ ਨੂੰ ਪ੍ਰੇਰਨਾ ਮਿਲਦੀ ਹੈ।

-ਸਾਡੇ ਕੇਸਾਂ ਦੀ ਪਵਿੱਤਰਤਾ 'ਚੋਂ ਉਠ ਕੇ ਸੂਰਜ ਅਮਰਤਾ ਨੂੰ ਪਾ ਲੈਂਦਾ ਹੈ।

-ਸਾਡੇ ਕੇਸਾਂ ਦੀ ਅਨੰਤਤਾ 'ਚੋਂ ਹਿਮਾਲਾ ਪਿਘਲ ਕੇ ਸਾਡੇ ਦੁੱਖਾਂ ਨੂੰ ਰੋੜ੍ਹ ਲਿਜਾਂਦਾ ਹੈ।

-ਸਾਡੇ ਕੇਸਾਂ ਦੇ ਨਿਖ਼ਾਰ 'ਚੋਂ ਨਦੀਆਂ ਨਾਲੇ, ਅੱਡੀ ਛੜਪਾ ਲਾਉਂਦੇ ਨਿਕਲਦੇ ਹਨ।

-ਸਾਡੇ ਵਡ ਪਰਤਾਪੀ ਕੇਸਾਂ 'ਚੋਂ ਜ਼ੋਰ ਦੇ ਤੂਫਾਨ ਉੱਠਦੇ ਹਨ।

-ਸਾਡੇ ਉੱਤਮ ਕੇਸ ਆਪਣੇ ਤੇਜੱਸਵੀ ਲੋਅ ਨਾਲ ਸਾਨੂੰ ਨਵੇਂ ਪੁਸ਼ਾਕੇ ਪਹਿਨਾਉਂਦੇ ਹਨ (ਅਤੇ ਨਵਾਂ ਰੂਪ ਦਿੰਦੇ ਹਨ)

-ਆਪਣੇ ਕੇਸਾਂ ਦੀ ਸਦੀਵੀ ਖ਼ੁਸ਼ੀ ਮਾਣੋ, ਤੁਹਾਨੂੰ ਹੋਂਦ ਦਾ ਅਹਿਸਾਸ ਹੋਵੇਗਾ।

ਲੋਕ ਮੋਇਆਂ ਦੀ ਰਾਖ ਇਕੱਠੀ ਕਰਕੇ ਉਨ੍ਹਾਂ ਲਈ ਮੰਦਰਾਂ, ਗਿਰਜਿਆਂ 'ਚ ਅਰਦਾਸ ਬੇਨਤੀਆਂ ਕਰਦੇ ਹਨ, ਅਤੇ ਤੁਸੀਂ ਜਿਉਂਦੀ ਰੂਹ ਨੂੰ ਜਿਉਂਦੇ ਮੰਦਰ ਨੂੰ ਤਿਲਾਂਜਲੀ ਦੇਣਾ ਚਾਹੁੰਦੇ ਹੋ। ਲੋਕੀਂ ਮਰਿਆਂ ਦੀਆਂ ਯਾਦਗਾਰਾਂ ਖੜ੍ਹੀਆਂ ਕਰਦੇ ਹਨ। ਤੁਸੀਂ ਗੁਰੂ ਦੀਆਂ ਬਖ਼ਸ਼ੀਆਂ ਜੀਵਤ ਯਾਦਾਂ ਨੂੰ ਜੜ੍ਹੋਂ ਉਖੇੜਨਾ ਚਾਹੁੰਦੇ ਹੋ। ਅਗਰ ਤੁਸੀਂ ਇਨ੍ਹਾਂ ਨੂੰ ਤੋੜਨਾ ਮਰੋੜਨਾ ਚਾਹੁੰਦੇ ਹੋ , ਤਾਂ ਤੁਹਾਡੀ ਮਰਜ਼ੀ ਪਰੰਤੂ ਤੁਸੀਂ ਸਦਾ ਲਈ ਇਨ੍ਹਾਂ ਥੱਲੇ ਦੱਬੇ ਜਾਉਗੇ।

ਪਿਆਰ ਤੁਹਾਨੂੰ ਫਿਰ ਵੀ ਵਿਰਸੇ 'ਚ ਮਿਲਦਾ ਰਹੇਗਾ ਅਤੇ ਤੁਹਾਡੇ ਮਨ ਅੰਦਰ ਤਰੰਗ ਉਠੇਗੀ , ਜਦੋਂ ਤੁਹਾਡੇ ਵਡੇਰਿਆਂ ਦੀ ਤਾਨ ਛਿੜੇਗੀ, ਪ੍ਰੰਤੂ ਤੁਸੀਂ ਜੀਵਦਿਆਂ ਦੇ ਬਾਗ ਨੂੰ ਮੋਇਆਂ ਦੇ ਝਾੜ-ਛਿੱਛਰ ਬਣਾ ਦਿਉਗੇ। ਮਾਲੀ ਫਿਰ ਵੀ ਅੱਥਰੂਆਂ ਨਾਲ ਸਿੰਜੇਗਾ, ਪ੍ਰੰਤੂ ਵਧਣੋ ਬੰਦ ਹੋ ਜਾਉਗੇ ਫਿਰ ਛੇਤੀ ਹੀ ਉਸਦੀਆਂ ਅੱਖਾਂ ਦਾ ਪਾਣੀ ਵੀ ਸੁੱਕ ਜਾਏਗਾ, ਜਦ ਉਹ ਹੋਰ ਬਾਗਾਂ ਦੀ ਸੰਭਾਲ 'ਚ ਲੱਗ ਜਾਏਗਾ। ਇਕ ਸਮਾਂ ਆਏਗਾ ਜਦ ਇਸ ਖੰਡਰ ਨੂੰ ਕੋਈ ਯਾਦ ਰਖੇਗਾ। ਇਹ ਦੁੱਖ ਦੀ ਕੁੱਖੇ ਜਾ ਲੱਗੇਗਾ ਅਤੇ ਕੀੜੇ-ਮਕੌੜੇ, ਸੱਪ, ਸੁਲੰਡੀ ਤੇ ਗਿੱਦੜ ਗਿਰਗਟਾਂ ਆਦਿ ਦੇ ਕਬਜ਼ੇ 'ਚ ਜਾ ਡਿੱਗੇਗਾ।

ਜਸਕੀਰਤ ! ਆਪਣੇ ਪੰਜ ਕੱਕੇ, ਰਸਮਾਂ ਚਿੰਨ੍ਹਾਂ ਤੋਂ ਬਹੁਤ ਪਰੇ ਹਨ, ਇਹ ਤਾਂ ਕਾਲ ਰਹਿਤ ਹਨ। ਕੀ ਅਸੀਂ ਤੁਸੀਂ ਅਥਾਹ ਅਤੇ ਅਨੰਤ ਨੂੰ ਆਪਣੀ ਅਕਲ ਦੀ ਮੁੱਠੀ 'ਚ ਬੰਨ੍ਹ ਸਕਦੇ ਹਾਂ ? ਅਸੀਂ ਤੁਸੀਂ ਅਕਾਲ ਪੁਰਖ ਨੂੰ ਆਪਣੀ ਅਕਲ ਦੀ ਲਪੇਟ 'ਚ ਲਿਆ ਸਕਦੇ ਹਾਂ ? ਕੀ ਨਫ਼ਰਤ, ਗੁੱਸਾ ਤੇ ਸਾਡੇ ਭੈੜ ਸਾਨੂੰ ਅਣ-ਪਛਾਤੇ ਕੋਲ ਲੈ ਜਾਣਗੇ ? ਸਾਡੇ ਕੋਲ ਉਸ ਨੂੰ ਮਾਪਣ ਦਾ ਕੋਈ ਯੰਤਰ ਹੈ, ਜਿਸਦਾ ਨਾ ਕੋਈ ਆਦਿ ਹੈ ਤੇ ਨਾ ਹੀ ਅੰਤ ? ਕੀ ਇਨ੍ਹਾਂ ਦਾਤਾਂ ਦੀ ਅਸਲੀਅਤ ਨੂੰ ਤਰਕ ਦੇ ਪਿੰਜਰੇ 'ਚ ਬੰਦ ਕੀਤਾ ਜਾ ਸਕਦਾ ਹੈ ?

ਅਸੀਂ ਆਪਣੇ ਮਕੈਨਕੀ ਗਿਆਨ ਅਤੇ ਤਰਕ ਨਾਲ ਮਾਮੂਲੀ ਚੀਜ਼ਾਂ 'ਤੇ ਤਾਂ ਆਪਣਾ ਅਧਿਕਾਰ ਜਮਾ ਸਕਦੇ ਹਾਂ। ਇਨ੍ਹਾਂ ਸੁਗਾਤਾਂ ਦੀ ਬ੍ਰਹਿਮੰਡਤਾ ਤੇ ਨਹੀਂ। ਸਾਡੇ 'ਚੋਂ ਬਹੁਤ ਸਾਰੇ ਸ਼ਾਂਤ ਕਰਨ ਵਾਲੀਆਂ ਚੀਜ਼ਾਂ ਵੱਲ ਤਾਂ ਬਹੁਤ ਭੱਜ ਕੇ ਪੈਂਦੇ ਹਨ, ਪਰੰਤੂ ਪ੍ਰੇਮੀਆਂ ਨੂੰ ਇਹਨਾਂ ਦੀ ਉੱਕਾ ਹੀ ਲੋੜ ਨਹੀਂ ਪੈਂਦੀ ।

ਸੁੰਦਰ ਅਤੇ ਪਿਆਰੇ ਦੀ ਨਾ ਚੀਰ-ਫਾੜ ਕੀਤੀ ਜਾ ਸਕਦੀ ਹੈ, ਨਾ ਇਸ ਨੂੰ ਸਮੇਟਿਆ ਜਾ ਸਕਦਾ ਹੈ। ਇਨ੍ਹਾਂ ਦਾਤਾਂ ਦੇ ਸਬੰਧ 'ਚ ਅਸੀਂ ਕਿਸੇ ਨਤੀਜੇ ਜਾਂ ਫ਼ੈਸਲੇ 'ਤੇ ਨਹੀਂ ਪਹੁੰਚ ਸਕਦੇ ਕਿਉਂਕਿ ਇਹ ਚਿੰਨ੍ਹ ਨਹੀਂ, ਕਲਾ ਦੇ ਅੰਗ ਹਨ।

ਪਪੀਹੇ ਦੇ ਗੀਤ 'ਚੋਂ ਤੁਸੀਂ ਕੀ ਸਮਝ ਸਕੋਗੇ, ਜੇ ਤੁਸੀਂ ਉਸਦਾ ਲਿਖਤੀ ਵਿਸ਼ਲੇਸ਼ਣ ਸ਼ੁਰੂ ਕਰ ਦੇਵੋ। ਤੁਹਾਡੇ ਮਾਤਾ ਜੀ ਦਾ ਤੁਹਾਡੇ ਲਈ ਕੀ ਮਹੱਤਵ ਰਹਿ ਜਾਏਗਾ, ਜਦ ਤੁਸੀਂ ਉਸਨੂੰ ਵਿਸ਼ਲੇਸ਼ਣ ਦੁਆਰਾ ਜਾਨਣਾ ਚਾਹੋਗੇ ?

**ਜਾਣਨ ਲਈ ਜੀਵਤ ਢਾਂਚਾ :-**

ਤੁਸੀਂ ਆਪਣੇ ਆਪ ਨੂੰ ਸ਼ਬਦਾਂ ਅਤੇ ਕਿਆਸਾਂ ਦੇ ਚੱਕਰ 'ਚ ਇਤਨਾ ਪਾ ਲਿਆ ਹੈ ਕਿ 'ਭਾਵ' ਜੋ ਦਰਅਸਲ ਚੀਜ਼ ਹੈ, ਦਾ ਅਭਾਵ ਹੋ ਜਾਂਦਾ ਹੈ। ਇਨ੍ਹਾਂ ਦਾਤਾਂ ਦਾ ਮਹੱਤਵ ਜਾਂ ਗ਼ੈਰ ਮਹੱਤਵ ਏਨਾ ਜ਼ਰੂਰੀ ਨਹੀਂ, ਜ਼ਿੰਦਗੀ ਦੀ ਸ਼ਕਤੀ ਹਨ ਅਤੇ ਸਾਡੇ ਵਿਚਲੇ ਕਲਾਕਾਰ ਨੂੰ ਉਜਾਗਰ ਕਰਦੀਆਂ ਹਨ। ਲੱਖਾਂ, ਕਰੋੜਾਂ 'ਚੋਂ ਵਿਰਲਾ ਹੀ ਇਨ੍ਹਾਂ ਗਹਿਣਿਆਂ ਦੀ ਸੁੰਦਰਤਾ ਨੂੰ ਮਾਣਦਾ ਹੈ।

ਕੇਸ, ਕੜਾ, ਕੰਘਾ, ਕਛਹਿਰਾ, ਤੇ ਕ੍ਰਿਪਾਨ ਦੈਵੀ ਕਲਾਕਾਰ ਰਾਹੀਂ ਉਚੇਚੇ ਤੌਰ 'ਤੇ ਖ਼ਾਲਸੇ ਲਈ ਘੜੀਆਂ ਸੁਗ਼ਾਤਾਂ ਹਨ। ਇਹ ਸੁਗ਼ਾਤਾਂ ਸਾਡੇ ਮਾਲਕ (ਸ਼ਹੁ) ਨੇ ਸਾਨੂੰ ਸਦਾ ਵਾਸਤੇ ਦੇ ਦਿੱਤੀਆਂ ਹਨ । ਜਦੋਂ 1699 ਦੀ ਵਿਸਾਖੀ ਨੂੰ ਆਨੰਦਪੁਰ ਸਾਹਿਬ ਵਿਖੇ ਸਾਡਾ ਉਸ ਨਾਲ ਕਾਰਜ ਰਚਾਇਆ ਗਿਆ ।

ਉਹ ਕਲਾ ਦੇ ਸਾਕਾਰ ਰੂਪ ਹਨ ਅਤੇ ਉਨ੍ਹਾਂ ਦੇ ਦਰਸ਼ਨਾਂ ਨਾਲ ਹੀ ਮਨ ਝੂੰਮ ਉੱਠਦਾ ਹੈ ਅਤੇ ਉਤਸ਼ਾਹ ਉਮੰਡ ਪੈਂਦਾ ਹੈ। ਸਾਨੂੰ ਹੋਰ ਚਾਹੀਦਾ ਵੀ ਕੀ ਹੈ ? ਇਹ ਸੁੰਦਰਤਾ ਦੇ ਅਖੁੱਟ ਭੰਡਾਰ ਹਨ ਅਤੇ ਅਸੀਂ ਇਨ੍ਹਾਂ ਤੋਂ ਇਤਨੇ ਬੇਖ਼ਬਰ ਹਾਂ। ਸਾਨੂੰ ਧਨਵੰਤੀਆਂ ਹੋਣ ਦੇ ਨਾਤੇ ਉਸ ਦੀਆਂ ਪਿਆਰ ਸੁਗ਼ਾਤਾਂ ਨੂੰ ਮਾਣ, ਸਤਿਕਾਰ, ਆਨ ਤੇ ਸ਼ਾਨ ਨਾਲ ਪਹਿਨਕੇ ਰੱਖਣਾ ਚਾਹੀਦਾ ਹੈ ਅਤੇ ਸਾਡਾ ਪਿਆਰ ਸਦਾ-ਸਦਾ ਅਤੇ ਹਰ ਜਗ੍ਹਾ ਪ੍ਰਫੁੱਲਿਤ ਹੁੰਦਾ ਜਾਵੇਗਾ।

ਵਾਹਿਗੁਰੂ ਤੇਰਾ ਸਦਾ ਸਹਾਈ ਹੋਵੇ।

ਤੇਰਾ ਪਿਤਾ

ਹਰਚਰਨ ਸਿੰਘ......

ਪਿਤਾ ਜੀ ਤੋਂ ਪੱਤਰ ਮਿਲਣ ਤੋਂ ਤਿੰਨ ਮਹੀਨੇ ਬਾਅਦ ਜਸਕੀਰਤ ਨੂੰ ਅਹਿਸਾਸ ਹੋ ਗਿਆ ਕਿ ਪਿਤਾ ਜੀ ਨਾਲ ਕੀਤੇ ਕੌਲ ਨਿਭਾਣ ਦਾ ਸਮਾਂ ਆ ਗਿਆ ਹੈ। ਨਵੀਆਂ ਮਹਿਕਾਂ ਗੁਲਜ਼ਾਰਾਂ 'ਚ ਭਿੱਜਿਆ ਉਹ 18 ਅਕਤੂਬਰ 1977 ਨੂੰ ਆਨੰਦਪੁਰ ਸਾਹਿਬ ਲਈ ਚੱਲ ਪਿਆ ਅਤੇ ਖ਼ਾਲਸੇ ਦੇ ਜਨਮ ਅਸਥਾਨ ਗੁਰਦੁਆਰਾ ਕੇਸਗੜ੍ਹ ਸਾਹਿਬ ਪਹੁੰਚ ਕੇ ਖ਼ੰਡੇ ਬਾਟੇ ਦਾ ਅੰਮ੍ਰਿਤ ਪਾਨ ਕਰਕੇ ਗੁਰੂ ਵਾਲਾ ਬਣ ਗਿਆ। ਉਸ ਨੇ ਗੁਰੂ ਗੋਬਿੰਦ ਸਿੰਘ ਜੀ ਨੂੰ ਆਪਣੇ ਆਤਮਿਕ ਪਿਤਾ, ਮਾਤਾ ਸਾਹਿਬ ਕੌਰ ਨੂੰ ਆਤਮਿਕ ਮਾਤਾ ਅਤੇ ਆਨੰਦਪੁਰ ਸਾਹਿਬ ਨੂੰ ਆਪਣਾ ਨਵਾਂ ਜਨਮ ਅਸਥਾਨ ਮੰਨ ਲਿਆ।

ਅੱਜ ਕਲ੍ਹ ਜਸਕੀਰਤ ਸਿੰਘ ਜਰਮਨੀ 'ਚ ਭਾਰਤੀ ਦੂਤ ਘਰ (ਇੰਡੀਆ ਡਿਪਲਾਮੈਟਿਕ ਕੋਰਪਸ) ਵਿਚ ਕੰਮ ਕਰਦਾ ਹੈ। ਉਸਨੇ ਲੰਡਨ, ਜਨੇਵਾ ਬਰਲਿਨ ਤੇ ਦਿੱਲੀ ਵਿਚ ਸਿੱਖੀ ਜੀਵਨ 'ਤੇ ਕਈ ਸੈਮੀਨਾਰਾਂ ਦੀ ਸਰਪ੍ਰਸਤੀ ਕੀਤੀ ਹੈ। ਉਸ ਦੀ ਪ੍ਰੇਰਨਾ ਸਦਕਾ ਹੁਣੇ-ਹੁਣੇ ਜਰਮਨੀ ਦੇ ਸਿੱਖ ਨੌਜਵਾਨਾਂ ਨੇ ਜਿਹੜੇ ਹਾਲਾਤ ਵੱਸ ਹੋ ਕੇ ਪਤਿਤ ਹੋ ਗਏ ਸਨ, ਬੜੇ ਪ੍ਰੇਮ ਅਤੇ ਸ਼ਰਧਾ ਪੂਰਵਕ ਅੰਮ੍ਰਿਤ ਛਕ ਲਿਆ ਹੈ।

ਉਹ ਹੁਣ ਪ੍ਰਭੂ ਪ੍ਰੇਮ 'ਚ ਰੱਤਾ ਹੈ।

ਗਿਆਨੀ ਸਰੂਪ ਸਿੰਘ ਕੜਿਆਣਾ
ਪੰਥਕ
ਢਾਡੀ ਜੱਥਾ
98150-03075
ਪਿੰਡ ਕੜਿਆਣਾ ਤਹਿ: ਫਿਲੌਰ (ਜਲੰਧਰ)

# ਨਸ਼ਿਆਂ ਸਬੰਧੀ
# ਗੁਰਬਾਣੀ ਫੁਰਮਾਨ

- ਦੁਰਮਤਿ ਮਦੁ ਜੋ ਪੀਵਤੇ ਬਿਖਲੀ ਪਤਿ ਕਮਲੀ।।
  ਰਾਮ ਰਸਾਇਣਿ ਜੋ ਰਤੇ ਨਾਨਕ ਸਚ ਅਮਲੀ ।।

  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ : 399)

- ਸੁਰਸਰੀ ਸਲਲ ਕ੍ਰਿਤ ਬਾਰੁਨੀ ਰੇ
  ਸੰਤ ਜਨ ਕਰਤ ਨਹੀ ਪਾਨੰ ।।

  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ : 1293)

- ਬਾਬਾ ਹੋਰੁ ਖਾਣਾ ਖੁਸੀ ਖੁਆਰੁ।।
  ਜਿਤੁ ਖਾਧੈ ਤਨੁ ਪੀੜੀਐ
  ਮਨ ਮਹਿ ਚਲਹਿ ਵਿਕਾਰ।।

  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ : 16 )

- ਅੰਮ੍ਰਿਤ ਕਾ ਵਾਪਾਰੀ ਹੋਵੈ
  ਕਿਆ ਮਦਿ ਛੂਛੈ ਭਾਉ ਧਰੇ ।।

  (ਸ੍ਰੀ ਗੁਰੂ ਗ੍ਰੰਥ ਸਾਹਿਬ, ਪੰਨਾ : 360)



# ਨਸ਼ਿਆਂ ਦੇ ਜਾਲ

ਤੋਂ

ਬਚੋ ਤੇ ਬਚਾਓ

**Caution ! Danger !!**

**Deadly Web of Drugs**